ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੩੧ ਚੇਤ ਸੰਨ ੨੦੨੬ Monday, 13 April

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

14 ਅਪ੍ਰੈਲ ਲਈ ਵਿਸ਼ੇਸ਼

## ਖਾਲਸੇ ਦੀ ਸਿਰਜਨਾ ਤੇ ਸਰੂਪ



ਜਾਪਦਾ ਇਉਂ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ ਇਹ ਕਿਹਾ ਇਕ ਇਕ ਖਾਲਸਾ 'ਸਵਾ ਲੱਖ 'ਤੇ ਭਾਰੂ ਹੈ ਤਾਂ ਉਨ੍ਹਾਂ ਨੇ ਆਪਣੇ ਵੱਲੋਂ ਜੋ ਘੱਟ ਤੋਂ ਘੱਟ ਨਿਸਬਤ ਖਾਲਸਾ-ਪੁਰਸ਼ਾਂ ਅਤੇ ਕਪਟੀਆਂ ਵਿੱਚ ਦੱਸੀ, ਉਹ ਨਿਸਬਤ ੧ : ੧. ੨੫੦੦੦ ਦੀ ਹੈ। ਗੁਰੂ ਸਾਹਿਬ ਨੇ ਅਸੂਲ ਇਹ ਦ੍ਰਿੜ ਕਰਾਇਆ ਕਿ ਅੰਮ੍ਰਿਤ ਨੇ ਮਨੁੱਖ ਨੂੰ ਖਾਲਸਾ ਬਨਾਉਣਾ ਹੈ ਅਤੇ ਖਾਲਸਾ ਕਿਸੇ ਆਤਮਕ ਪੱਧਰ ਦਾ ਨਾਮ ਹੈ। ਖਾਲਸਾ ਕਿਸੇ ਧਾਰਮਕ, ਮਾਨਸਕ ਸਦਾਚਾਰਕ ਬਿਰਤੀ ਦਾ ਨਾਮ ਹੈ। ਖਾਲਸਾ ਕੁਛ ਆਦਰਸ਼ਾਂ ਦਾ ਨਾਮ ਹੈ ਜਿਸ ਦੇ ਮੁੱਖ ਰੂਪ 'ਗੁਰੂ ਗ੍ਰੰਥ ਜੀ ਮਾਨੀਓ', 'ਸੰਤ ਸਿਪਾਹੀ', (ਰਾਜ,ਜੋਗ, ਮੀਰੀ ਪੀਰੀ), 'ਵਾਹਿਗੁਰੂ ਜੀ ਕੀ ਫ਼ਤਹ' ਅਤੇ 'ਬੋਲੇ ਸੋ ਨਿਹਾਲ' ਹਨ ।ਅਸੂਲ ਇਹ ਹੈ ਕਿ ਸਿਰ ਨਹੀਂ ਗਿਣਨੇ, ਆਦਰਸ਼ ਮਿਣਨੇ ਹਨ ; ਭਾਰ ਨਹੀਂ ਤੋਲਣਾ, ਵਿਹਾਰ ਪਰਖਣਾ ਹੈ; ਪਸ਼ੂ-ਸ਼ਕਤੀ ਨਹੀਂ, ਆਪਣੀ ਆਤਮਕ ਬਿਰਤੀ ਵੇਖਣੀ ਹੈ । ਚੰਚਲ, ਬੌਧਿਕਤਾ ਨਹੀਂ ਜਾਨਣੀ, ਮਾਨਸਕ ਸਥਿਰਤਾ ਵੇਖਣੀ ਹੈ; 'ਹੁਕਮ ਹਾਸਲ' ਦੀ ਕਦਰ ਨਹੀਂ ਹੈ, ਸੇਵਾ ਦੀ ਮਹਾਨਤਾ ਹੈ। ਸਿਧਾਂਤ ਇਹ ਹੈ ਕਿ ਪ੍ਰਭੂ-ਬਿਰਤੀ ਵਾਲਾ ਇਕ ਮਨੁੱਖ ਵੀ ਕਰੋੜਾਂ ਵਿਸ਼ੱਈਆਂ ਅਤੇ ਕੁਕਰਮੀਆਂ ਤੋਂ ਬਹੁਤ ਵੱਧ ਬਲਵਾਨ ਹੈ ।੧੬੯੯ ਈ: ਦੀ ਵਿਸਾਖੀ ਦੇ ਸ਼ੁਭ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਆਦਰਸ਼ਕ ਖਾਲਸਾ ਪੁਰਸ਼ ਸੰਸਾਰ ਨੂੰ ਪ੍ਰਦਾਨ ਕੀਤਾ ਜਿਸ ਦੀ ਸ਼ਕਤੀ ਜ਼ਾਲਮਾਂ ਦੇ ਵਿਰੁੱਧ ਸਵਾ ਲੱਖ ਗੁਣਾਂ ਵੱਧ ਸੀ । ਇਹ ਮਨੁੱਖ ਵੇਖਣ ਵਿੱਚ ਸਾਧਾਰਣ ਮਨੁੱਖ ਹੀ ਸੀ ਪਰ ਇਸ ਦੇ ਆਦਰਸ਼ ਨਿਆਰੇ ਸਨ । ਇਹ ਮਨੁੱਖ ਖਾਲਸਾ ਸੀ । ਇਸ ਦਾ ਇਸ਼ਟ ਗੁਰੂ ਗ੍ਰੰਥ ਸਾਹਿਬ ਸੀ ਜੋ ਸੰਸਾਰ ਵਿੱਚ ਧਾਰਮਕ ਤੇ ਆਤਮਕ ਸਹਵਾਸ ਦਾ ਇਕ ਮਹਾਨ ਤਜਰਬਾ ਸੀ । ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ੧੪੬੯ ਈਸਵੀ ਵਿੱਚ ਹੋਇਆ । ਖਾਲਸੇ ਦਾ ਜਨਮ ੧੬੯੯ ਈਸਵੀ ਵਿੱਚ ਹੋਇਆ । ਖਾਲਸਾ ਪੂਰਨ ਸੰਸਾਰਕ ਜੀਵਨ ਜੀਂਦਾ ਹੈ। ਇਸ ਦੀਆਂ ਸਾਰੀਆਂ ਖੁਸ਼ੀਆਂ ਮਾਣਦਾ ਹੈ । ਪਰ ਯੋਗੀ ਦੀ ਤਰ੍ਹਾਂ ਖਾਲਸਾ ਸੰਸਾਰ ਦੇ ਰਸ ਮਾਣਦਾ ਹੋਇਆ ਸਿਪਾਹੀ ਦੀ ਤਰ੍ਹਾਂ ਨਿਰਲੇਪਰਹਿੰਦਾ ਹੈ । ਕਿਸੇ ਉੱਚੇ ਆਦਰਸ਼ ਲਈ ਇਨ੍ਹਾਂ ਰਸਾਂ ਨੂੰ ਤਿਆਗ ਕੇ ਸਿਪਾਹੀ ਦੀ ਤਰ੍ਹਾਂ ਜਾਨ ਤਲੀ 'ਤੇ ਰੱਖ ਲੈਂਦਾ ਹੈ ਅਤੇ ਨਿਆਂ ਲਈ, ਸੱਚ ਲਈ, ਮਰਨ ਲਈ ਤਿਆਰ ਹੋ ਜਾਂਦਾ ਹੈ ਅਤੇ ਸ਼ਹੀਦ ਹੁੰਦਾ ਹੈ। ਇਹ ਖਾਲਸਾ ਜੀ ਦੀ ਮੀਰੀ-ਪੀਰੀ ਹੈ। ਅਤੇ ਉਸ ਦਾ ਸੰਤ-ਸਿਪਾਹੀ ਹੋਣਾ। ਖਾਲਸੇ ਦਾ ਸਦੀਵੀ ਆਦਰਸ਼ ਵਾਹਿਗੁਰੂ ਜੀ ਕੀ ਫ਼ਤਹ ਹੈ, ਭਾਵ ਖਾਲਸਾ ਸੰਸਾਰ ਦੀ ਉਹ ਦਸ਼ਾ ਚਾਹੁੰਦਾ ਹੈ ਜਿਥੇ ਰਾਜ ਵਾਹਿਗੁਰੂ ਦਾ ਹੋਵੇ ।ਖਾਲਸਾ ਉਹ ਹੈ ਜੋ ਸੱਚ ਲਈ ਤੇ ਨਿਆਂ ਲਈ ਆਪਣਾ ਆਪ ਕੁਰਬਾਨ ਕਰਨ ਲਈ ਦੌੜ ਕੇ ਪਹੁੰਚਦਾ ਹੈ ਅਤੇ ਸ਼ਹਾਦਤ ਦੇ ਦੇਂਦਾ ਹੈ ਜਾਂ ਨਿਆਂ ਤੇ ਇਨਸਾਫ਼ ਦਾ ਰਾਜ ਕਾਇਮ ਕਰ ਲੈਂਦਾ ਹੈ । ਇਹ ਅਰਥ ਹੈ ਜੋ ਬੋਲੇ ਸੋ ਨਿਹਾਲ ਦਾ !ਜਦੋਂ ਸੱਚ ਤੇ ਨਿਆਂ ਦਾ ਗਲਾ ਘੁੱਟਿਆ ਜਾਂਦਾ ਹੈ, ਖਾਲਸਾ ਪੁਕਾਰ ਸੁਣ, ਦੌੜ ਕੇ ਸੱਚ ਨਿਆਂ ਲਈ ਜੂਝਦਾ ਹੈ । ਇਹ ਖਾਲਸਾ ਪੁਰਸ਼ ਸਵਾ ਲੱਖ 'ਤੇ ਭਾਰੂ ਹੈ ।ਖਾਲਸੇ ਦਾ ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਕਮਾਲ ਨਾਲ ਜਾਪੁ ਸਾਹਿਬ ਵਿੱਚ ਨਿਸਚਿਤ ਕੀਤਾ ਹੈ । ਜਾਪੁ ਸਾਹਿਬ ਵਿੱਚ ਸਰੂਪ ਤਾਂ ਪਰਮਾਤਮਾ ਦਾ ਬਿਆਨਿਆ ਹੈ ਪਰ ਅਸੂਲ ਇਹੋ ਹੈ ਕਿ ਮਨੁੱਖ ਨੇ ਉਸ ਸਰੂਪ ਨੂੰ ਧਾਰਨ ਕਰਨਾ ਹੈ, ਤਦ ਹੀ ਕੋਈ ਦੈ ਤੋਂ ਏਕ ਰੂਪ ਹੋ ਸਕਦਾ ਹੈ, ਤਦ ਹੀ ਬ੍ਰਹਮ ਗਿਆਨੀ ਆਪਿ ਪਰਮੇਸਰੁ ਬਣਦਾ ਹੈ, ਤਦ ਹੀ ਹਰਿ ਤੇ ਹਰਿ ਜਨ ਇਕ ਬਣਦਾ ਹੈ । ਖਾਲਸਾ ਮਨੁੱਖ ਸ਼ਾਖਿਆਤ ਪਰਮਾਤਮਾ ਹੈ-ਪਰਮਾਤਮਾ ਦਾ ਮਮ ਸਰੂਪ :ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥ ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥ ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥ ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥ ੧॥ਭਾਵ ਖਾਲਸਾ ਉਸ ਸੱਚ ਦਾ ਪੁਜਾਰੀ ਹੈ ਜਿਸ ਵਿੱਚ 'ਚੱਕ੍ਰ ਚਿਹਨ' ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਦਾ ਕੋਈ ਵਿਤਕਰਾ ਨਹੀਂ । ਖਾਲਸਾ ਉਸ ਸੱਚ ਦਾ ਪੁਜਾਰੀ ਹੈ ਜੋ ਅਚਲ ਮੂਰਤਿ ਹੈ, ਅਨਭਉ ਪ੍ਰਕਾਸ ਹੈ, ਅਮਿਤੋਜਿ ਹੈ ਅਤੇ ਤ੍ਰਿਭਵਣ ਮਹੀਪ ਹੈ। ਖਾਲਸਾ ਉਸ ਮਨੁੱਖ ਦੀ ਅਤੇ ਉਸ ਰੱਬੀ ਰਾਜ ਦੀ ਉਤਪਤੀ ਵਿਚ ਲੱਗਾ ਹੋਇਆ ਹੈ ਜਿਥੇ 'ਚਿਹਨ' ਦੀ ਭਿੰਨਤਾ ਕਰਦੇ ਬਰਨ ਜਾਤਿ' ਦੀ ਭਿੰਨਤਾ ਕਰਕੇ ਰੂਪ ਰੰਗ' ਅਤੇ ਰੇਖ ਭੇਖ' ਦੀ ਭਿੰਨਤਾ ਕਰਕੇ ਮਨੁੱਖ, ਮਨੁੱਖ ਦਾ ਵੈਰੀ ਨਹੀਂ ਹੈ। ਚਕ ਚਿਹਨ, ਰੂਪ ਰੰਗ, ਰੇਖ ਭੇਖ ਸੰਸਾਰ ਦੀਆਂ ਬੇਅੰਤ ਕੌਮਾਂ, ਦੇਸ਼ਾਂ ਅਤੇ ਧਰਮਾਂ ਦੇ ਵੱਖਰੇ ਵੱਖਰੇ ਹਨ । ਪਰ ਸਾਰੀ ਮਨੁੱਖਤਾ ਇਕ ਹੈ, ਸਾਰਾ ਸੰਸਾਰ ਤੇ ਬ੍ਰਹਿਮੰਡ ਇੱਕ ਹੈ ।ਖਾਲਸਾ ਉਸ ਏਕਤਾ ਦਾ ਰਾਜ ਸਥਾਪਨ ਕਰਨ ਵਾਲੀ ਫ਼ੌਜ ਹੈ, ਖਾਲਸਾ ਉਸ ਰੱਬੀ ਰਾਜ ਨੂੰ ਸਥਾਪਨ ਕਰਨਾ ਚਾਹੁੰਦਾ ਹੈ ਜੋ ਸਦੀਵੀ ਅਟੱਲ ਸੁੰਦਰਤਾ (ਅਚਲ ਮੂਰਤਿ) ਅਤੇ ਸਦਾ ਪ੍ਰਕਾਸ਼ਮਾਨ ਰਹਿ ਸਕਣ ਵਾਲੇ ਨਿਰੰਤਰ ਪ੍ਰਕਾਸ਼ (ਅਨਭਉ ਪ੍ਰਕਾਸ) ਅਤੇ ਅਸੀਮ ਸੱਚ ਦਾ ਲਖਾਇਕ ਹੈ । ਸੱਚ ਹੀ ਅਚਲ ਮੂਰਤਿ ਹੈ। ਸੱਚ ਦਾ ਪ੍ਰਕਾਸ਼ ਹੀ ਅਨਭਉ ਪ੍ਰਕਾਸ ਹੈ ਅਤੇ ਕੇਵਲ ਸੱਚ ਹੀ ਅਸੀਮ (unlimited) ਹੈ। ਖਾਲਸਾ ਵੰਡੀਆਂ ਮਿਟਾ ਕੇ ਸੱਚ ਨੂੰ ਸਥਾਪਨ ਕਰਨਾ ਚਾਹੁੰਦਾ ਹੈ । ਇਨ੍ਹਾਂ ਆਦਰਸ਼ਾਂ ਵਾਲਾ ਆਦਮੀ ਕ੍ਰੋੜਾਂ ਆਦਰਸ਼ ਰਹਿਤ ਮਨੁੱਖਾਂ ਤੋਂ ਵੀ ਵੱਧ ਬਲਵਾਨ ਹੈ ।ਪਰਮਾਤਮਾ ਦਾ ਸਰੂਪ ਜਾਪੁ ਸਾਹਿਬ ਵਿਚ ਇਵੇਂ ਹੋਇਆ ਹੈ : ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨਲ ਚਰਾਗ ਹੈਂ ॥ ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥੧੫੧॥ ਕਿ ਰੋਜ਼ੀ ਦਿਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥ ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥੧੫੨॥ ਗਨੀਮੁਲ ਖਿਰਾਜ ਹੈਂ ॥ ਗ਼ਰੀਬੁਲ ਨਿਵਾਜ ਹੈਂ ॥ ਹਰੀਫ਼ੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥੧੫੩॥ਇਹੋ ਹੀ ਖ਼ਾਲਸੇ ਦਾ ਰੂਪ ਵੀ ਹੈ । ਖਾਲਸਾ ਪੁਰਸ਼ ਸਾਹਿਬ ਦਿਮਾਗ਼ ਹੈ ਅਤੇ ਹੁਸਨਲ ਚਰਾਗ਼ ਹੈ। ਖਾਲਸਾ ਪੁਰਸ ਗਨੀਮੁਲ ਖਿਰਾਜ ਹੈ ਪਰ ਗ਼ਰੀਬੁਲ ਨਿਵਾਜ਼ ਵੀ ਹੈ । ਸੋ ਖਾਲਸਾ ਪੁਰਸ਼ ਨੇ ਆਪਣੇ ਆਚਰਨ ਦੁਆਰਾ ਸੰਸਾਰ ਲਈ ਹੁਸਨਲ ਚਰਾਗ਼' ਬਣਨਾ ਹੈ । ਉਸ ਨੇ ਸੱਚ ਅਤੇ ਨਿਆਂ ਨਾਲ ਧੱਕਾ ਕਰਨ ਵਾਲੇ ਹਰੀਫ਼ਾਂ ਜਾਂ ਸੱਚ-ਦੁਸ਼ਮਨਾਂ ਨਾਸ਼ ਕਰਨਾ ਹੈ ਅਤੇ ਮਜ਼ਲੂਮ ਬੇ-ਆਸਰੇ ਲੋਕਾ ਨੂੰ ਨਿਵਾਜਣਾ ਹੈ। ਉਹ ਗ਼ਰੀਬੁਲ ਨਿਵਾਜ਼ ਹੈ ।ਖਾਲਸੇ ਦਾ ਆਦਰਸ਼ ਸਰੂਪ ਗੁਰੂ ਨਾਨਕ ਸਾਹਿਬ ਜਪੁਜੀ ਸਾਹਿਬ ਵਿੱਚ ਪੇਸ ਕਰ ਚੁੱਕੇ ਸਨ। ਇਹੀ ਖਾਲਸੇ ਦਾ ਸਰੂਪ ਹੈ :ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ਨਾਨਕ ਨਦਰੀ ਨਦਰਿ ਨਿਹਾਲ ॥੩੮॥( ਅੰਗ ੮)ਖਾਲਸਾ ਉਹ ਹੈ ਜੋ ਜਤੁ, ਧੀਰਜੁ, ਮਤਿ ਅਤੇ ਵੇਦ (ਗਿਆਨ) ਵਾਲਾ ਹੈ ।ਪਰਮਾਤਮਾ ਦੇ ਭੈ ਵਿਚ ਅਤੇ ਭਉ ਵਿੱਚ ਰਹਿੰਦਾ ਹੈ। ਜੋ ਆਪਣੇ ਆਦਰਸ਼ਾਂ ਲਈ ਪੂਰਨ ਘਾਲਣਾ (ਤਪੁ) ਕਰਦਾ ਹੈ ਇਹ ਅੰਮ੍ਰਿਤ ਵਾਲਾ ਖਾਲਸਾ ਹੋਵੇਗਾ ।ਖਾਲਸਾ ਉਹ ਹੈ ਜਿਸ ਦੇ ਚਿੰਨ ਨੀਲਾ ਘੋੜਾ ਅਤੇ ਚਿੱਟਾ ਬਾਜ ਹਨ । ਘੋੜਾ ਬ੍ਰਹਮ ਗਿਆਨ ਦਾ ਚਿੰਨ ਹੈ । ਬਾਜ ਬਲ, ਸ਼ਕਤੀ ਤੇ ਬਹਾਦਰੀ ਦਾ ਚਿੰਨ ਹੈ ਪਰ ਬੀਰਤਾ ਤੇ ਸ਼ਕਤੀ ਦਾ ਚਿੰਨ੍ਹ ਹੈ। ਨੀਲਾ ਹੱਠ ਭਗਤੀ, ਪ੍ਰੇਮ, ਸਮਦ੍ਰਿਸ਼ਟਤਾ ਅਤੇ ਚਿੱਟਾ ਰੰਗ ਪ੍ਰੇਮ, ਅਮਨ, ਪਿਆਰ, ਨਿਸ਼ਕਪਟਤਾ, ਕੋਮਲਤਾ, ਨਿਰਵਿਕਾਰ, ਸੱਚ ਦਾ ਚਿੰਨ ਹੈ। ਸੋ ਖਾਲਸਾ ਮੀਰੀ ਤੇ ਪੀਰੀ, ਰਾਜ ਤੇ ਯੋਗ ਦਾ ਮਿਲਾਪ ਹੈ। ਖਾਲਸਾਬ੍ਰਹਮ ਗਿਆਨੀ ਹੈ ਅਤੇ ਬ੍ਰਹਮ ਗਿਆਨੀ ਇਹ ਹੈ :ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ ॥ ਬ੍ਰਹਮ ਗਿਆਨੀ ਸਦਾ ਨਿਰਦੋਖ ॥ ਜੈਸੇ ਸੂਰੁ ਸਰਬ ਕਉ ਸੋਖ ॥(ਅੰਗ ੨੭੨)ਸੋ ਖਾਲਸਾ ਇਕ ਆਦਰਸ਼ ਹੈ ਅਤੇ ਖਾਲਸਾ-ਕਰਤਵ ਉਸ ਆਦਰਸ਼ ਲਈ ਘਾਲਣਾ ਘਾਲਦਾ ਹੈ । ਉਸ ਲਈ ਜੂਝਣਾ ਹੈ। ਆਦਰਸ਼ ਸੱਚ, ਏਕਤਾ, ਨਿਆਂ, ਸੁੰਦਰਤਾ, ਅਮਨ, ਪ੍ਰੇਮ ਦੀ ਸਥਾਪਨਾ ਹੈ । ਇਹ ਰੱਬੀ ਰਾਜ ਹੈ-'ਵਾਹਿਗੁਰੂ ਜੀ ਕੀ ਫਤਹ ਅਤੇ ਇਸ ਰਾਜ ਨੂੰ ਸਥਾਪਨ ਕਰਨਾ ਖਾਲਸੇ ਦਾ ਕਰਤੱਵ ਹੈ ।ਖਾਲਸੇ ਦੀ ਆਵਾਜ਼ ਕ੍ਰੋੜਾਂ ਝੂਠ ਦੀਆਂ ਆਵਾਜ਼ਾਂ 'ਤੇ ਭਾਰੂ ਹੈ । ਖਾਲਸੇ ਦਾ ਸੁਕਰਮ ਕ੍ਰੋੜਾਂ ਕੁਕਰਮਾਂ 'ਤੇ ਭਾਰੂ ਹੈ । ਖਾਲਸੇ ਦਾ ਆਤਮਿਕ, ਸਦਾਚਾਰਕ ਬਲ ਕ੍ਰੋੜਾਂ ਕਪਟੀਆਂ 'ਤੇ ਭਾਰੂ ਹੈ । ਇਸੇ ਲਈ ਖਾਲਸਾ ਸਵਾ ਲੱਖ 'ਤੇ ਭਾਰੂ ਹੈ ।ਗੁਰੂ ਨਾਨਕ ਪਾਤਸ਼ਾਹ ਦੀ ਆਵਾਜ਼ ਹਰਿਦੁਆਰ ਵਿੱਚ ਅਤੇ ਕੁਰਕੁਸ਼ੇਤਰ ਵਿੱਚ, ਬਾਬਰ ਦੇ ਮੁਕਾਬਲੇ 'ਤੇ ਗੁਰੂ ਨਾਨਕ ਪਾਤਸ਼ਾਹ ਦੀ ਆਵਾਜ਼, ਖਾਲਸੇ ਦੀ ਆਵਾਜ਼ ਸੀ ਤੇ ਇਸੇ ਲਈ ਉਹ ਭਾਰੂ ਸੀ । ਸਿਧਾਂ ਦੇ ਮੁਕਾਬਲੇ 'ਤੇ ਗੁਰੂ ਨਾਨਕ ਪਾਤਸ਼ਾਹ ਦੀ ਆਵਾਜ਼ ਖਾਲਸੇ ਦੀ ਆਵਾਜ਼ ਸੀ। ਇਸੇ ਲਈ ਇਹ ਆਵਾਜ਼ ਲੱਖਾਂ। ਸਿਧਾਂ 'ਤੇ ਭਾਰੂ ਸੀ । ਗੁਰੂ ਰਾਮਦਾਸ ਜੀ ਦੀ ਆਵਾਜ਼ ਅਕਬਰ ਦੀ ਕਚਹਿਰੀ ਵਿੱਚ ਖਾਲਸੇ ਦੀ ਆਵਾਜ਼ ਸੀ ਅਤੇ ਇਸੇ ਲਈ ਲੱਖਾਂ ਚੰਚ-ਗਿਆਨੀਆਂ ’ਤੇ ਭਾਰ ਸੀ ।ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਖਾਲਸੇ ਦੀ ਆਵਾਜ਼ ਦਾ ਚਮਤਕਾਰ ਸੀ ਅਤੇ ਇਸੇ ਲਈ ਇਸ ਆਵਾਜ਼ ਨੂੰ ਕਦੇ ਕੋਈ ਕਚਲ ਨਹੀਂ ਸਕੇਗਾ

ਬਾਕੀ ਸ਼ਫ਼ਾ 2 ’ਤੇ

**ਡਾ. ਤਾਰਨ ਸਿੰਘ**

### 13 ਅਪ੍ਰੈਲ ਨੂੰ ਸਿੱਖ ਦਸਤਾਰ ਦਿਵਸ 'ਤੇ ਇਕ ਪੁਰਾਤਨ ਵਿਸ਼ੇਸ਼ ਲੇਖ

# ਸਾਡਾ ਪਹਿਰਾਵਾ : ਪਗੜੀ



ਪਗੜੀ ਪਹਿਲੇ-ਪਹਿਲ ਭਾਰਤ ਵਿਚ ਕਿਵੇਂ ਤੇ ਕਦੋਂ ਪ੍ਰਚੱਲਤ ਹੋਈ ਇਸ ਬਾਰੇ ਭਾਵੇਂ ਹੋਰ ਪ੍ਰਮਾਣ ਤਾਂ ਨਹੀਂ ਮਿਲਦੇ, ਪਰ ਇਸ ਬਾਰੇ ਸੰਸਕ੍ਰਿਤ ਵਿਚ ਇਕ 'ਉਸ਼ਣੀਕ' ਸ਼ਬਦ ਹੈ ਜਿਸ ਦਾ ਮਤਲਬ ਹੈ ਉਹ ਪਹਿਰਾਵਾ, ਜੋ ਸਿਰ ਨੂੰ ਉਸ਼ਣ (ਗਰਮੀ) ਤੋਂ ਬਚਾਈ ਰੱਖੇ। ਇਸ ਤਰ੍ਹਾਂ ਇਹ 'ਉਸ਼ਣੀਕ' ਸ਼ਬਦ ਅਸਲ ਵਿਚ ਕਿਰੀਟ, ਮੁਕਟ, ਤਾਜ ਜਾਂ ਟੋਪੀ ਦਾ ਹੀ ਕੁਝ ਪ੍ਰਯਾਵਾਚੀ ਹੈ, ਜੋ ਰਾਮਾਇਣ ਜਾਂ ਮਹਾਂਭਾਰਤ ਦੇ ਸਮੇਂ ਛਤ੍ਰੀ ਰਾਜੇ, ਮਹਾਰਾਜੇ ਤੇ ਸਰਦਾਰ ਪਹਿਨਦੇ ਸਨ। ਆਰੀਆ ਲੋਕਾਂ ਨੇ ਪਗੜੀ ਦਾ ਪਹਿਰਾਵਾ ਜੋ ਭਾਰਤ ਵਾਸੀ ਦ੍ਰਾਵਿੜਾਂ ਜਾਂ ਅਸੀਰੀਆ ਤੇ ਬੇਬੀਲੋਨੀਆਂ ਦੇ ਲੋਕਾਂ ਵਿਚ ਈਸਾ ਤੋਂ ਤਿੰਨ-ਚਾਰ ਹਜ਼ਾਰ ਵਰ੍ਹੇ ਪਹਿਲਾਂ ਪ੍ਰਚੱਲਤ ਸੀ, ਇਨ੍ਹਾਂ ਆਦਿ ਵਾਸੀਆਂ ਤੋਂ ਹੀ ਲਿਆ ਸੀ। ਪਗੜੀ ਅਥਵਾ ਦਸਤਾਰ ਈਸਾ ਤੋਂ ੩੦੦੦-੪੦੦੦ ਵਰ੍ਹੇ ਪਹਿਲਾਂ ਅਸੀਰੀਅਨ ਜਾਂ ਬੇਬੀਲੋਨੀਅਨ ਦੇਵਤਿਆਂ ਦੇ ਸਿਰਾਂ ਦਾ ਸ਼ਿੰਗਾਰ ਸੀ। ਇਨ੍ਹਾਂ ਦੇਸ਼ਾਂ ਦੇ ਬਾਦਸ਼ਾਹ ਤੇ ਉਨ੍ਹਾਂ ਦੇ ਦਰਬਾਰੀ ਸਿਰਾਂ ਉੱਤੇ ਪਗੜੀਆਂ ਬੰਨ੍ਹਣ ਵਿਚ ਬੜਾ ਫ਼ਖ਼ਰ ਸਮਝਦੇ ਸਨ। ਆਰੀਆ ਲੋਕ, ਜੋ ਮੱਧ ਏਸ਼ੀਆ ਵਿੱਚੋਂ ਭਾਰਤ ਵਿਚ ਆ ਕੇ ਆਬਾਦ ਹੋਏ, ਪਹਿਲੇ-ਪਹਿਲ ਇਕ ਕੱਪੜੇ ਜਾਂ ਇਉਂ ਕਹੋ ਕਿ ਅੱਧੜਵੰਜੇ ਦੀ ਹਾਲਤ ਵਿਚ ਹੀ ਰਹਿੰਦੇ ਸਨ ਤੇ ਉਨ੍ਹਾਂ ਪਾਸ ਤਨ ਢੱਕਣ ਨੂੰ ਸਿਰਫ਼ ਦੋ ਬਸਤਰ ਹੁੰਦੇ ਸਨ- (੧) ਉੱਤਰੀਯ (ਪਰਨਾ) ਤੇ (੨) ਅੰਤਰੀਯ (ਧੋਤੀ ਜਾਂ ਕਹਾਈ), ਜਿਨ੍ਹਾਂ ਬਾਰੇ ਅਜਾਇਬ ਘਰਾਂ ਵਿੱਚੋਂ ਪੁਰਾਣੇ ਰਿਖੀਆਂ-ਮੁਨੀਆਂ ਤੇ ਯੋਧਿਆਂ ਦੀਆਂ ਪ੍ਰਸਤਰ ਮੂਰਤੀਆਂ ਦੇਖਣ 'ਤੇ ਸਾਫ਼ ਪਤਾ ਲੱਗਦਾ ਹੈ। ਇਸ ਤੋਂ ਪਿੱਛੋਂ ਮੌਰਯਾਂ, ਗੁਪਤਾਂ ਜਾਂ ਰਾਜਪੂਤਾਂ ਦੇ ਸਮੇਂ, ਜਦ ਇਥੇ ਪਗੜੀ ਬੰਨ੍ਹਣ ਦਾ ਰਿਵਾਜ ਤੁਰਿਆ ਤੇ ਵਿਦੇਸ਼ੀ ਹਮਲਾਵਰਾਂ ਦੇ ਪ੍ਰਭਾਵ ਹੇਠ ਹੋਰ ਵੀ ਕਈ ਸਮਾਜਿਕ ਤੇ ਵਿਹਾਰਿਕ ਉਲਟ-ਫੇਰ ਹੋਏ ਤਾਂ ਕਿਰੀਟ ਜਾਂ ਮੁਕਟ ਦੀ ਥਾਵੇਂ ਪਗੜੀ ਵੀ 'ਉਸ਼ਣੀਕ' ਦੇ ਅਰਥਾਂ ਵਿਚ ਹੀ ਲਈ ਜਾਣ ਲੱਗ ਪਈ। ਇਸਲਾਮ ਦੀਆਂ ਜਿੱਤਾਂ ਨਾਲ ਨਾ ਕੇਵਲ ਭਾਰਤ ਵਿਚ ਹੀ, ਸਗੋਂ ਹੋਰ ਦੇਸ਼ਾਂ ਵਿਚ ਵੀ ਲੋਕੀ ਪਗੜੀਆਂ ਬੰਨ੍ਹਣ ਵਿਚ ਬੜਾ ਮਾਣ ਤੇ ਫ਼ਖ਼ਰ ਸਮਝਣ ਲੱਗ ਪਏ। ਇਥੋਂ ਤਕ ਕਿ ੧੯ਵੀਂ ਸਦੀ ਵਿਚ ਕੁਝ ਯੂਰਪੀਅਨ ਮਰਦਾਂ ਤੇ ਇਸਤਰੀਆਂ ਨੇ ਵੀ ਪਗੜੀ ਨੂੰ ਅਪਣਾ ਕੇ ਆਪਣੇ ਫੈਸ਼ਨ ਵਿਚ ਦਾਖਲ ਕਰ ਲਿਆ ਸੀ।ਪੰਜਾਬ ਬੇਸ਼ੱਕ ਦ੍ਰਾਵਿੜਾਂ ਪਿੱਛੋਂ ਆਰੀਅਨ ਦਾ ਨਿਵਾਸ-ਸਥਾਨ ਤਾਂ ਵੈਦਿਕ ਸਮੇਂ ਵਿਚ ਹੀ ਬਣ ਚੁਕਾ ਸੀ, ਪਰ ਪਗੜੀ ਦਾ ਰਿਵਾਜ ਇਥੇ ਦ੍ਰਾਵਿੜਾਂ ਤੋਂ ਹੀ ਚੱਲਿਆ। ਪਿੱਛੋਂ ਫੇਰ ਇਸ ਪਹਿਰਾਵੇ ਨੂੰ ਯੂਨਾਨੀਆਂ, ਸ਼ਕਾਂ, ਹੂਣਾਂ, ਪਾਰਥੀਆਂ ਤੇ ਮੁਸਲਮਾਨਾਂ ਨੇ ਕਿਸ ਹੱਦ ਤਕ ਜਾਰੀ ਰੱਖਿਆ ਭਾਵੇਂ ਇਹ ਕਹਿਣਾ ਤਾਂ ਬੜੀ ਔਖੀ ਜਿਹੀ ਗੱਲ ਹੈ ਕਿ ਪਗੜੀ ਕਦੋਂ ਤੇ ਕਿਵੇਂ ਕੀਹਦੇ ਸਿਰ 'ਤੇ ਜਾ ਕੇ ਟਿਕਦੀ ਰਹੀ ਕਿਉਂਕਿ ਪੰਜਾਬ ਭਾਰਤ ਦਾ ਪੱਛਮੀ ਦਰਵਾਜ਼ਾ ਹੈ ਤੇ ਇਸ ਦਰਵਾਜ਼ੇ ਥਾਣੀਂ ਆਰੀਆ, ਯੂਨਾਨੀ, ਈਰਾਨੀ ਆਦਿ ਲੰਘਦੇ ਰਹੇ ਹਨ। ਅਜਿਹੇ ਸਾਰੇ ਦੇ ਸਾਰੇ ਇਤਿਹਾਸਕ ਮਸਲੇ ਸਮੇਂ ਦੇ ਉਲਟ-ਫੇਰ ਦੀਆਂ ਅਨ੍ਹੇਰੀਆਂ ਖੋਹਾਂ ਵਿਚ ਜਾ ਲੁਕੇ ਹਨ। ਜੇ ਉਨ੍ਹਾਂ ਦਾ ਕੋਈ ਇਤਿਹਾਸਕ ਹਿਸਾਬ ਜਾਂ ਵਹੀ-ਖਾਤਾ ਕਿਸੇ ਨੇ ਸਾਂਭ ਕੇ ਰੱਖਿਆ ਵੀ ਹੋਵੇ ਤਾਂ ਉਹ ਸਾਨੂੰ ਅਜੇ ਤਕ ਕਿਤੋਂ ਮਿਲ ਨਹੀਂ ਰਿਹਾ।

ਸਿੱਖਾਂ ਤੋਂ ਛੁਟ ਪਗੜੀ ਦਾ ਰਿਵਾਜ ਬਹੁਤਾ ਪੰਜਾਬ ਦੇ ਹਿੰਦੂਆਂ ਵਿਚ ਵੀ ਹੈ ਤੇ ਮੁਸਲਮਾਨਾਂ ਵਿਚ ਵੀ। ਬੰਗਾਲ, ਮਦਰਾਸ, ਬੰਬਈ, ਗੁਜਰਾਤ, ਰਾਜਸਥਾਨ ਆਦਿ ਇਲਾਕਿਆਂ ਵਿਚ ਪਗੜੀ ਕਈ ਅਨੋਖੇ ਤੇ ਕਲਾਤਮਕ ਢੰਗ ਵਰਤ ਕੇ ਬੰਨ੍ਹੀ ਜਾਂਦੀ ਹੈ ਤੇ ਪੰਜਾਬ ਦੀ ਪਗੜੀ ਦੇ ਮੁਕਾਬਲੇ 'ਤੇ ਉਹ ਬੜੀ ਓਪਰੀ-ਓਪਰੀ ਲੱਗਦੀ ਹੈ। ਜਿਵੇਂ ਸੁਲਤਾਨ ਟੀਪੂ, ਮੀਰ ਜਾਫ਼ਰ ਦੀ ਪਗੜੀ ਨਾਲ ਮਾਰਵਾੜੀਆਂ ਤੇ ਮਰਾਠਿਆਂ ਦੀ ਪਗੜੀ ਨਹੀਂ ਮਿਲਦੀ, ਤਿਵੇਂ ਪੁਰਾਣੇ ਸਿੱਖਾਂ ਦੇ ਦਸਤਾਰ ਦੇ ਬੰਧੇਜ ਨੂੰ ਜੇ ਮੁਗ਼ਲਈ ਦਸਤਾਰ ਨਾਲ ਮਿਲਾਇਆ ਜਾਵੇ ਤਾਂ ਉਹ ਕਈ ਥਾਵੇਂ ਰਾਜਸੀ ਮੇਲ-ਮਿਲਾਪ ਦੇ ਬਾਵਜੂਦ ਵੀ ਅੱਡਰੀ ਹੀ ਨਜ਼ਰ ਆਵੇਗੀ। ਪ੍ਰਮਾਣ ਵਜੋਂ ਸਿੱਖ ਗੁਰੂ ਸਾਹਿਬਾਨ ਦੀ ਦਸਤਾਰ ਦੇ ਬੰਧੇਜ ਉਨ੍ਹਾਂ ਦੀਆਂ ਪੁਰਾਤਨ ਤਸਵੀਰਾਂ ਤੋਂ ਲਏ ਜਾ ਸਕਦੇ ਹਨ। ਮਦਰਾਸੀ ਪਗੜੀ ਹੇਠ, ਜਿਵੇਂ ਕਿ ਸੁਲਤਾਨ ਟੀਪੂ ਦੀ ਪਗੜੀ ਦੀ ਮਿਸਾਲ ਹੈ, ਕੰਨ ਹਮੇਸ਼ਾਂ ਨੰਗੇ ਰਹਿੰਦੇ ਹਨ ਤੇ ਮਾਰਵਾੜੀ ਲੋਕ ਵੀ ਪਗੜੀ ਬੜੇ ਵਿਕੋਲਿੱਤਰੇ ਢੰਗ ਨਾਲ ਬੰਨ੍ਹਦੇ ਹਨ। ਇਕ ਬਾਰੀਕ ਮਲਮਲ ਦਾ ਥਾਨ ਲੈ ਕੇ ਪਹਿਲਾਂ ਉਹ ਉਸ ਨੂੰ ਚੰਗੀ ਤਰ੍ਹਾਂ ਰੰਗਾਉਂਦੇ ਹਨ ਤੇ ਫਿਰ ਲੰਮੀਆਂ ਲੀਰਾਂ ਕਰ ਕੇ ਉਨ੍ਹਾਂ ਨੂੰ ਲਾਂ ਵਾਂਗੂ ਮਰੋੜੀਆਂ ਦੇ ਕੇ ਇਰਦ-ਗਿਰਦ ਵਿੰਗੇ-ਟੇਢੇ ਢੰਗ ਨਾਲ ਲਪੇਟ ਲੈਂਦੇ ਹਨ। ਠੀਕ ਉਸੇ ਤਰ੍ਹਾਂ ਜਿਵੇਂ ਰੱਸੀਆਂ ਨਾਲ ਕੱਸ ਕੇ ਗੇਂਦ ਮੜ੍ਹੀ ਜਾਂਦੀ ਹੈ। ਫਿਰ ਸੁਆਦਲੀ ਗੱਲ ਇਹ ਹੈ ਕਿ ਉਹ ਗੇਂਦ ਵਾਂਗੂ ਮੜ੍ਹੀ ਹੋਈ ਪੱਗ ਪਹਿਲਾਂ ਸਾਰਾ ਦਿਨ ਸੇਠ ਜੀ ਦੇ ਸਿਰ ਉੱਤੇ ਉਸੇ ਤਰ੍ਹਾਂ ਟਿਕੀ ਰਹਿੰਦੀ ਹੈ ਤੇ ਫਿਰ ਸ਼ਾਮ ਨੂੰ ਟੋਪੀ ਵਾਂਗ ਉਸੇ ਤਰ੍ਹਾਂ ਬਣੀ-ਠਣੀ ਲਾਹ ਕੇ ਕਿੱਲੀ ਉੱਤੇ ਟੰਗ ਦਿੱਤੀ ਜਾਂਦੀ ਹੈ।

ਇਸ ਤਰ੍ਹਾਂ ਉਹ ਬੰਨ੍ਹੀ-ਬੰਨ੍ਹਾਈ ਪੱਗ ਨਾ ਜਾਣੇ ਕਿਤਨਾ ਚਿਰ ਇੱਕੋ ਸਿਰ ਉੱਤੇ ਹੰਢਦੀ ਤੇ ਫਿਰ ਕੁਝ ਸਮੇਂ ਬਾਅਦ ਤਦ ਹੀ ਸਿਰ ਤੋਂ ਲਾਹ ਕੇ ਖੋਲ੍ਹੀ ਜਾਂ ਬਦਲੀ ਜਾਂਦੀ ਹੈ, ਜਦ ਉਹ ਪੂਰੀ ਤਰ੍ਹਾਂ ਮੈਲੀ ਜਾਂ ਬਦਰੰਗ ਹੋ ਜਾਵੇ, ਅਥਵਾ ਕਿਸੇ ਨੁੱਕਰੋਂ ਫਟ ਕੇ ਖ਼ਰਾਬ ਹੋ ਜਾਵੇ। ਰਾਜਸਥਾਨੀ ਸ਼ਮਲੇਦਾਰ ਪਗੜੀ, ਜੋ ਖਾਸ ਤੌਰ 'ਤੇ ਟੇਢੀ ਕਰਕੇ ਬੰਨ੍ਹੀ ਜਾਂਦੀ ਹੈ, ਭਾਵੇਂ ਹੈ ਤਾਂ ਮੁਸਲਮਾਨਾਂ ਦੀ ਨਕਲ ਹੀ, ਪਰ ਸਿਫ਼ਤ ਹੈ ਕਿ ਇਸ ਦੇ ਪਿੱਠ ਪਿੱਛੇ ਲਮਕਦੇ ਲੜ ਨੂੰ ਉੱਪਰ ਕੁੰਜ ਕੇ ਰੱਖਣ ਲਈ ਇਕ ਪੀਡੀ ਗੰਢ ਦਿੱਤੀ ਜਾਂਦੀ ਹੈ। ਇਹੋ ਗੰਢ ਰਾਜਪੂਤੀ ਪਗੜੀ ਦੇ ਬੰਧੇਜ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ।

ਪੱਗਾਂ ਦੇ ਫ਼ਰਕ ਜਾਚਣ ਲਈ ਜੇ ਮੁਸਲਮਾਨੀ ਬੰਧੇਜ ਨੂੰ ਹੀ ਲਿਆ ਜਾਵੇ ਤਾਂ ਗਜ਼ਨਵੀ ਪੱਗ, ਖ਼ਿਲਜੀਆਂ ਦੀ ਪੱਗ, ਸੱਯਦਾਨੀ ਪੱਗ, ਅਫ਼ਗਾਨੀ ਪੱਗ ਤੇ ਪਠਾਣੀ ਪੱਗ, ਭਾਵੇਂ ਇਹ ਸਾਰੀਆਂ ਹੀ ਪੱਗਾਂ ਪੰਜਾਬ ਵਿੱਚੋਂ ਹੀ ਹੋ ਕੇ ਲੰਘੀਆਂ ਹਨ, ਪਰ ਮੁਗ਼ਲਈ ਪੱਗ, ਜਿਸ ਨੂੰ ਸ਼ਾਹ ਬਾਬਰ, ਹਮਾਯੂੰ ਤੇ ਅਕਬਰ ਬੰਨ੍ਹਦੇ ਰਹੇ ਹਨ ਤੇ ਅਕਬਰੀ ਦਰਬਾਰ ਦੇ ਨੌਂ ਰਤਨਾਂ ਨੇ ਜੋ ਪਗੜੀ ਅਪਣਾਈ ਤੇ ਰਾਜਪੂਤ ਵੀ ਮਹਾਰਾਣਾ ਜੈਪੁਰ, ਜੋਧਪੁਰ, ਬੀਕਾਨੇਰ ਆਦਿ ਜਿਸ ਦੀ ਨਕਲ ਕਰਦੇ ਰਹੇ, ਇਕ ਰੀਝਾਂ ਭਰੇ ਹੁਨਰ ਦੀ ਨਿਸ਼ਾਨੀ ਸੀ। ਕਹਿੰਦੇ ਹਨ ਕਿ ਇਕ ਵੇਰ ਸ਼ਾਹ ਅਕਬਰ ਨੇ ਹਾਸੇ-ਮਖ਼ੌਲ ਵਿਚ ਹੀ ਚੰਗੀ ਮਾੜੀ ਪਗੜੀ ਦਾ ਬੰਧੇਜ ਦੇਖਣ ਲਈ ਭਰੇ ਦਰਬਾਰ ਮੁੱਲਾਂ ਦੁਪਿਆਜ਼ਾ ਨਾਲ ਬੀਰਬਲ ਦਾ ਜੱਫਾ ਪਵਾ ਦਿੱਤਾ। ਮੁੱਲਾਂ ਦੁਪਿਆਜ਼ਾ ਅਰਬ ਦਾ ਜੰਮ-ਪਲ ਹੋਣ ਕਰਕੇ ਪਗੜੀ ਬੰਨ੍ਹਣ ਵਿਚ ਬੜਾ ਮਾਹਿਰ ਸੀ। ਪਰ ਬੀਰਬਲ ਨਾਰਨੌਲ (ਦਿੱਲੀ ਦੇ ਨੇੜੇ) ਦਾ ਵਸਨੀਕ ਸੀ, ਜਿਸ ਨੂੰ ਪਗੜੀ ਬੰਨ੍ਹਣੀ ਉੱਕੀ ਹੀ ਨਹੀਂ ਸੀ ਆਉਂਦੀ। ਗੱਲ ਅਸਲ ਵਿਚ ਇਉਂ ਹੋਈ ਕਿ ਦੋਵੇਂ ਫ਼ਰੀਕ ਜਿਦ-ਜਿਦ ਕੇ ਘਰੋਂ ਪਗੜੀਆਂ ਬੰਨ੍ਹ-ਬੰਨ੍ਹ ਆਏ, ਪਰ ਜਦ ਬਾਦਸ਼ਾਹ ਦੇ ਕਹਿਣ 'ਤੇ ਉਹੋ ਪਗੜੀਆਂ ਢਾਹ ਕੇ ਮੁੜ ਨਵੇਂ ਸਿਰਿਓਂ ਦਰਬਾਰ ਵਿਚ ਬੰਨ੍ਹਣ ਲੱਗੇ ਤਾਂ ਮੁੱਲਾਂ ਦੁਪਿਆਜ਼ਾ ਚੰਗੀ ਪਗੜੀ ਬੰਨ੍ਹਣ ਕਰਕੇ ਜਿੱਤਿਆ ਤੇ ਬੀਰਬਲ ਮੁਕਾਬਲੇ 'ਤੇ ਹਾਰ ਗਿਆ ਜਿਸ ਕਰਕੇ ਉਸ ਦਾ ਸਾਰੇ ਪਾਸਿਓਂ ਮਖੌਲ ਉਡਿਆ।

ਅਕਬਰ ਵਾਂਗੂ ਹੀ ਸ਼ਾਹ ਜਹਾਂਗੀਰ ਦੇ ਦਰਬਾਰੀਆਂ ਵਿਚ ਵੀ ਚੰਗੀ ਪਗੜੀ ਦੇ ਬੰਧੇਜ ਉੱਤੇ ਬੜਾ ਜ਼ੋਰ ਦਿੱਤਾ ਜਾਂਦਾ ਸੀ। ਸ਼ਾਹ ਜਹਾਂਗੀਰ ਦੇ ਮੁਕਾਬਲੇ 'ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰੀ ਢਾਡੀ ਅਬਦੁੱਲੇ ਨੇ ਉਨ੍ਹਾਂ ਦੀ ਪਗੜੀ ਨੂੰ ਸੁਹਣੇ ਬੰਧੇਜ ਦੀ ਨਿਸ਼ਾਨੀ ਸਮਝ ਕੇ ਇਨ੍ਹਾਂ ਸ਼ਬਦਾਂ ਨਾਲ ਸਲਾਹਿਆ ਹੈ:-ਦੋ ਤਲਵਾਰੀਂ ਬੱਧੀਆਂ, ਇਕ ਮੀਰ ਦੀ ਇਕ ਪੀਰ ਦੀ।ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰ ਦੀ। ...ਪੱਗ ਤੇਰੀ, ਕੀ ਜਹਾਂਗੀਰ ਦੀ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਸਤਾਰ ਦੇ ਬੰਧੇਜ ਨੂੰ ਸੋਧ-ਸਵਾਰ ਕੇ 'ਗੁਰਮੁਖੀ ਦਸਤਾਰੇ' ਦਾ ਨਾਂ ਦਿੱਤਾ ਗਿਆ ਤੇ ਸੰਮਤ ੧੭੫੬ ਬਿ. ਵਿਚ ਜਦ ਖਾਲਸਾ ਪੰਥ ਸਾਜਿਆ ਤਾਂ ਰਹਿਤਨਾਮਿਆਂ ਅਨੁਸਾਰ ਦਸਤਾਰ ਸਿੱਖ ਪੰਥ ਦਾ ਇਕ ਲਾਜ਼ਮੀ ਅੰਗ ਕਰਾਰ ਦਿੱਤੀ ਗਈ ਤੇ ਹੁਕਮ ਦਿੱਤਾ ਕਿ ਜੋ ਸਿੱਖ ਦਸਤਾਰ-ਹੀਨ ਅਥਵਾ ਨੰਗੇ ਸਿਰ ਰਹੇ ਸੋ ਤਨਖਾਹੀਆ। ਇਨ੍ਹਾਂ ਹੀ ਰਹਿਤਨਾਮਿਆਂ ਦੇ ਕਾਰਨ, ਸਿੱਖਾਂ ਵਿੱਚੋਂ ਕਈ ਜਥੇਬੰਦੀਆਂ ਦੇ ਸਿੰਘ ਨਾ-ਕੇਵਲ ਆਪ ਹੀ ਦਸਤਾਰਾਂ ਸਜਾਉਂਦੇ ਹਨ, ਸਗੋਂ ਉਨ੍ਹਾਂ ਦੀਆਂ ਸਿੰਘਣੀਆਂ ਵੀ ਦਸਤਾਰਾਂ ਸਜਾਉਂਦੀਆਂ ਹਨ ਤੇ ਜੇ ਸਿੰਘ ਪਰਵਾਰ ਸਮੇਤ ਦਸਤਾਰ ਦਾ ਧਾਰਨੀ ਨਾ ਹੋਵੇ ਤਾਂ ਉਸ ਨੂੰ ਆਪਣੇ ਜਥੇ ਵਿਚ ਸ਼ਾਮਲ ਨਹੀਂ ਕਰਦੇ। ਸਿੱਖਾਂ ਵਿੱਚੋਂ ਵੀ ਨਿਹੰਗ ਸਿੰਘਾਂ ਦੀ ਦੁਮਾਲੇਦਾਰ ਪੱਗ, ਤੱਤ ਖਾਲਸਿਆਂ ਦੀ ਪੱਗ, ਨਿਰਮਲੇ ਸੰਤਾਂ ਦੀ ਪੱਗ, ਉਦਾਸੀਆਂ ਦੀ ਪੱਗ, ਨਾਮਧਾਰੀਆਂ ਦੀ ਪੱਗ, ਇਹ ਪੱਗਾਂ ਨਾ ਕੇਵਲ ਆਪਸ ਵਿਚ ਥੋੜ੍ਹਾ-ਬਾਹਲਾ ਫ਼ਰਕ ਹੀ ਰੱਖਦੀਆਂ ਹਨ, ਸਗੋਂ ਵੱਖੋ-ਵੱਖ ਵਿਚਾਰਕ ਦ੍ਰਿਸ਼ਟੀਕੋਣਾਂ ਨੂੰ ਮੁੱਖ ਰੱਖ ਕੇ ਕਿਸੇ ਹੱਦ ਤਕ ਕੁਝ ਅਹਿਮੀਅਤ ਵੀ ਰੱਖਦੀਆਂ ਹਨ। ਫੌਜ ਜਾਂ ਪੁਲਿਸ ਦੇ ਪੰਜਾਬੀ ਸਿਪਾਹੀ, ਚਾਹੇ ਉਹ ਹਿੰਦੂ, ਮੁਸਲਮਾਨ, ਅਥਵਾ ਸਿੱਖ ਕੁਝ ਵੀ ਹੋਣ, ਪਗੜੀ ਦਾ ਠੁਕਦਾਰ ਬੰਧੇਜ ਰੱਖਣ ਕਰਕੇ ਬੜੇ ਪ੍ਰਸਿੱਧ ਹਨ। ਇਨ੍ਹਾਂ ਦੇ ਮੁਕਾਬਲੇ 'ਤੇ ਯੂ. ਪੀ., ਮੱਧ ਪ੍ਰਦੇਸ਼ ਜਾਂ ਕਿਸੇ ਹੋਰ ਇਲਾਕੇ ਦੇ ਹਿੰਦੁਸਤਾਨੀ ਸਿਪਾਹੀਆਂ ਦੀ ਪਗੜੀ ਵਿਚ ਉਹ ਗੱਲ ਨਹੀਂ। ਕਿਸੇ ਸਮੇਂ ਖਾਲਸਾ ਦਰਬਾਰ ਲਾਹੌਰ ਦੀਆਂ ਤਿੱਲੇਦਾਰ ਪਗੜੀਆਂ ਦਾ ਬੰਧੇਜ ਭਾਵੇਂ ਬੜਾ ਮਸ਼ਹੂਰ ਸੀ, ਉਹ ਵੀ ਜਦ ਲਾਹੌਰ ਵਿਚ ਆਏ ਸਾਲ ਬਸੰਤ ਪੰਚਮੀ ਦਾ ਮੇਲਾ ਹੋਇਆ ਕਰਦਾ ਸੀ, ਪਰ ਪਿੱਛੋਂ ਰਿਆਸਤ ਪਟਿਆਲਾ, ਨਾਭਾ, ਜੀਂਦ ਆਦਿ ਦੀਆਂ ਜ਼ੱਰਕ-ਬੱਰਕ ਪਗੜੀਆਂ ਤੇ ਅੰਗਰੇਜ਼ੀ ਸਿੱਖ ਰੈਜਮੈਂਟਾਂ ਦੀਆਂ ਪਗੜੀਆਂ ਤਾਂ ਆਪਣੇ ਨਮੂਨੇ ਆਪ ਸਨ। ਇਨ੍ਹਾਂ ਵਿੱਚੋਂ ਵੀ ਪਟਿਆਲੇ ਦੇ ਫ਼ੌਜੀ ਨੌਜਵਾਨ ਤਾਂ ਆਪਣੀਆਂ ਸੁਹਣੀਆਂ ਪੱਗਾਂ ਦੇ ਕਾਰਨ ਹੋਰ ਵੀ ਮਸ਼ਹੂਰ ਸਨ।ਇਹ ਹੈ ਪੰਜਾਬ ਦੇ ਪਹਿਰਾਵੇ ਪਗੜੀ ਦਾ ਇਤਿਹਾਸਕ ਵਿਵਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਾਬਤ ਸੂਰਤਿ ਦਸਤਾਰ ਸਿਰਾ' ਕਹਿ ਕੇ ਦਸਤਾਰ ਦੀ ਮਹਿਮਾ ਕੀਤੀ ਗਈ ਹੈ।

**ਸ. ਸ਼ਮਸ਼ੇਰ ਸਿੰਘ 'ਅਸ਼ੋਕ'**

# ਖਾਲਸੇ ਦੀ ਸਿਰਜਨਾ ਤੇ ਸਰੂਪ

ਸਫ਼ਾ ਇੱਕ ਦੀ ਬਾਕੀ

ਅਤੇ ਇਸ ਦੀ ਰੱਖਿਆ ਲਈ ਲੱਖਾਂ ਲੋਕ ਆਪਣੇ ਜੀਵਨ ਦੀ ਅਹੁਤੀ ਦੇਦੇ ਰਹਿਣਗੇ।ਗਵਾਲੀਅਰ ਦੇ ਕਿਲੇ ਵਿੱਚੋਂ ਤੁਰਨ ਲੱਗਿਆਂ ਮੀਰੀ ਤੇ ਪੀਰੀ ਦੇ ਮਾਲਕ ਦੀ ਆਵਾਜ਼ ਖਾਲਸੇ ਦੀ ਆਵਾਜ਼ ਸੀ ਅਤੇ ਇਸੇ ਲਈ ਸਾਮਰਾਜਸ਼ਾਹੀ ਨੂੰ ੫੨ ਨਜ਼ਰਬੰਦ ਕੀਤੇ ਰਾਜਿਆਂ ਨੂੰ ਵੀ ਆਜ਼ਾਦ ਕਰਨਾ ਪਿਆ। ਗੁਰੂ ਤੇਗ ਬਹਾਦਰਦੀ ਆਵਾਜ਼ ਖਾਲਸੇ ਦੀ ਆਵਾਜ਼ ਸੀ ਜਿਸ ਨੇ ਅਨਿਆਈਂ ਰਾਜ ਦਾ ਖਾਤਮਾ ਕਰ ਦਿੱਤਾ। ਗੁਰੂ ਗੋਬਿੰਦ ਸਿੰਘ, ਚਾਰ ਸਾਹਿਬਜ਼ਾਦਿਆਂ ਅਤੇ ਅਨੇਕ ਸ਼ਹੀਦਾਂ ਦੀ ਆਵਾਜ਼ ਸੱਚ, ਨਿਆਂ, ਏਕਤਾ ਅਤੇ ਸੰਦਰਤਾ ਦੀ ਰੱਖਿਆ ਲਈ ਸੀ ਜੋ ਅੱਜ ਤੀਕ ਗੂੰਜ ਰਹੀ ਹੈ ਜਦੋਂ ਕਿ ਲੱਖਾਂ ਕਪਟੀਆਂ ਜਰਵਾਣਿਆਂ, ਅਨਿਆਈਆਂ ਦੀ ਆਵਾਜ਼ ਖਤਮ ਹੋ ਚੁੱਕੀ ਹੈ। ਤਦ ਵੀ ਖਾਲਸੇ ਦੀ ਆਵਾਜ਼ ਸਦਾ ਰਜਿਦੀ ਰਹੇਗੀ।ਖਾਲਸਾ ਜ਼ਿੰਦਗੀ ਦਾ ਸਰਵੋਤਮ ਆਦਰਸ਼ ਹੈ। ਇਸੇ ਲਈ ਇਹ ਲੱਖਾਂ ਕੱਚਿਆਂ ਲੋਕਾਂ 'ਤੇ ਭਾਰੂ ਹੈ।ਖਾਲਸਾ ਅੰਮ੍ਰਿਤ ਵਿੱਚੋਂ ਪੈਦਾ ਹੋਇਆ ਹੈ ਅਤੇ ਖਾਲਸੇ ਵਿੱਚ ਅੰਮ੍ਰਿਤ ਘੁਲਿਆ ਹੋਇਆ ਹੈ। ਖਾਲਸੇ ਦੇ ਆਦਰਸ਼ ਅੰਮ੍ਰਿਤਮਈ ਹਨ।

ਖਾਲਸੇ ਦਾ ਜਨਮ ਵੀ ਜਪੁ, ਜਾਪ, ਸ੍ਵੈਯੇ, ਚੌਪਈ ਅਤੇ ਅਨੰਦੁ ਵਿੱਚੋਂ ਹੋਇਆ ਹੈ, ਇਨ੍ਹਾਂ ਬਾਣੀਆਂ ਦੇ ਆਦਰਸ਼ ਹੀ ਖਾਲਸਾ ਆਦਰਸ਼ ਹਨ। ਇਨ੍ਹਾਂ ਆਦਰਸ਼ਾਂ ਨੂੰ ਹੀ ਖਾਲਸੇ ਨੇ ਪਾਲਣਾ ਹੈ। ਨਿਤਨੇਮ ਦੀਆਂ ਬਾਣੀਆਂ ਦੁਆਰਾ ਹੀ ਉਹ ਰੋਜ਼ ਆਪਣੇ ਆਦਰਸ਼ਾਂ ਨੂੰ ਸੁਰਜੀਤ ਕਰਦਾ ਹੈ।ਖਾਲਸੇ ਦਾ ਜਨਮ ਅੰਮ੍ਰਿਤ ਦੇ ਬਾਟੇ ਵਿੱਚੋਂ ਹੋਇਆ ਹੈ, ਇਸ ਲਈ ਖਾਲਸੇ ਦੇ ਬੋਲ, ਵਿਚਾਰ ਅਤੇ ਵਿਹਾਰ ਵਿੱਚ ਉਸ ਬਾਟੇ ਦੀ ਮਿਠਾਸ ਚਲ ਰਹੀ ਹੈ। ਬਾਟੇ ਵਿੱਚ ਪਵਿੱਤਰ ਜਲ ਸੀ। ਇਸ ਲਈ ਖਾਲਸੇ ਦੇ ਸੁਭਾਅ ਵਿੱਚ ਜਲ ਦੀ ਸੀਤਲਤਾ ਹੋਣੀ ਉਚਿਤ ਹੈ। ਖਾਲਸਾ ਜਲ ਵਾਂਗ ਪਵਿੱਤਰ ਤੇ ਨਿਰਮਲ ਹੋਣਾ ਉਚਿਤ ਹੈ। ਅੰਮ੍ਰਿਤ ਦਾ ਬਾਟਾ ਖੰਡੇ ਦੀ ਹਰਕਤ ਵਿੱਚੋਂ ਉਪਜਿਆ ਹੈ। ਖੰਡਾ ਭਗਤੀ ਤੇ ਸ਼ਕਤੀ ਦਾ ਮੇਲ ਹੈ। ਖਾਲਸੇ ਨੇ ਭਗਤੀ ਤੇ ਸ਼ਕਤੀ ਦੇ ਆਦਰਸ਼ ਨੂੰ ਨਿਭਾਉਣਾ ਹੈ। ਖਾਲਸਾ ਸਰਬ ਲੋਹ ਦਾ ਉਪਾਸ਼ਕ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦਾ ਪਰਮਾਤਮਾ ਸਰਬ ਲੋਹ ਦਾ ਹੈ। ਖਾਲਸੇ ਦੇ ਕੇਸ ਅਤੇ ਦਾੜ੍ਹਾ ਗੈਰਤ ਤੇ ਸ਼ਾਨ ਦੇ ਲਖਾਇਕ ਹਨ। ਉਸ ਦੇ ਕੜਾ ਤੇ ਕ੍ਰਿਪਾਨ ਉਸ ਦੇ ਸਰਬ ਲੋਹ ਦੇ ਚਿੰਨ੍ਹ ਹਨ।ਐਸਾ ਖਾਲਸਾ ਨਿਰਸੰਦੇਹ ਸਵਾ ਲੱਖ ਤੋਂ ਵੱਧ ਬਲਵਾਨ ਹੈ। ਇਹੋ ਜਿਹਾ ਹੀ ਖਾਲਸਾ ਸਵਾ ਲੱਖ ਨਾਲ ਲੜ ਕੇ ਉਸ 'ਤੇ ਜਿੱਤ ਪਾਏਗਾ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ : ਜਗਤ ਪ੍ਰਤੀ ਦ੍ਰਿਸ਼ਟੀਕੋਣ ਅਤੇ ਵੈਰਾਗ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿਨ੍ਹਾਂ ਨੇ ਹਿੰਦੁਸਤਾਨ ਦੀ ਸ਼ੋਸ਼ਿਤ ਹੋ ਚੁੱਕੀ ਮਾਨਸਿਕਤਾ ਨੂੰ ਸੁਤੰਤਰਤਾ ਵਿੱਚ ਬਦਲਣ ਲਈ ਚੜ੍ਹਦੀ ਕਲਾ ਤੇ ਸਰਬਤ ਦੇ ਭਲੇ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਸ਼ਹਾਦਤ ਦੇ ਜਾਮ ਪੀਤੇ ਤੇ ਨਵਾਂ ਇਤਿਹਾਸ ਸਿਰਜਿਆ। ਜਿਸਦਾ ਕੋਈ ਸਾਨੀ ਨਹੀਂ। ਆਪ ਦੀ ਬਾਣੀ ਅਨੇਕ ਗੁਣਾਂ ਨਾਲ ਭਰਪੂਰ ਹੈ। ਇਸ ਦਾ ਬਿਆਨ ਕਰਨਾ ਬਹੁਤ ਕਠਿਨ ਹੈ। ਇਸ ਵਿਚੋਂ ਮਨੁੱਖਤਾ, ਭਾਈਚਾਰਾ, ਆਤਮਿਕ ਗਿਆਨ ਤੇ ਵੈਰਾਗ ਦਾ ਸੁਨੇਹਾ ਮਿਲਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਜੋ ਜਗਤ ਪ੍ਰਤੀ ਦ੍ਰਿਸ਼ਟੀਕੋਣ ਸਾਹਮਣੇ ਆਉਂਦਾ ਹੈ ਉਹ ਦਾਰਸ਼ਨਿਕ ਹੈ। ਉਹਨਾਂ ਦੇ ਫਰਮਾਨ ਪੜ੍ਹਨ ਵਾਲੇ ਦੇ ਮਨ ਵਿੱਚ ਵੈਰਾਗ ਦੀ ਭਾਵਨਾ ਪੈਦਾ ਕਰਦੇ ਹਨ: "ਜਗਤ ਮੈ ਝੂਠੀ ਦੇਖੀ ਪ੍ਰੀਤਿ ।।"ਉਹਨਾ ਦੇ ਸਲੋਕਾਂ ਵਿੱਚ ਜਗਤ ਪ੍ਰਤੀ ਵੈਰਾਗ ਦੀ ਭਾਵਨਾ ਪ੍ਰਬਲ ਹੈ। ਉਹਨਾਂ ਬਾਣੀ ਰਾਹੀਂ ਕੌੜੀ ਅਸਲੀਅਤ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਇਹ ਇਕ ਸੱਚਾਈ ਹੈ ਕਿ ਜਦੋਂ ਮਨੁੱਖ ਦੇ ਤਨ ਵਿਚੋਂ ਪ੍ਰਾਣ ਨਿਕਲ ਜਾਂਦੇ ਹਨ ਤਾਂ ਉਸ ਦੀ ਲਾਸ਼ ਨੂੰ ਬਹੁਤ ਸਮਾਂ ਘਰ ਵਿੱਚ ਨਹੀਂ ਰੱਖਿਆ ਜਾਂਦਾ। ਅਸਲੀਅਤ ਤਾਂ ਇਹ ਹੈ ਕਿ ਮਨੁੱਖ ਦੀ ਹੋਂਦ ਹੀ ਉਸ ਦੇ ਪ੍ਰਾਣਾਂ ਕਰਕੇ ਹੈ। ਇਹਨਾਂ ਪ੍ਰਾਣਾਂ ਸਦਕਾ ਹੀ ਉਹ ਤੁਰਦਾ ਫਿਰਦਾ, ਕੰਮ ਕਰਦਾ ਸਾਕ ਸਬੰਧੀਆਂ ਨਾਲ ਵਿਚਰਦਾ ਹੈ। ਉਨ੍ਹਾਂ ਆਪਣੀ ਬਾਣੀ ਵਿੱਚ "ਜੀਵਤ ਕੋ ਬਿਵਹਾਰ" ਸ਼ਬਦ ਵਰਤੇ ਹਨ ਜਿਸ ਦਾ ਭਾਵ ਹੈ ਮਨੁੱਖ ਦੀ ਅਹਿਮੀਅਤ ਜਾਂ ਕੀਮਤ ਉਸ ਦੇ ਸਵਾਸਾਂ ਤਕ ਸੀਮਤ ਹੈ। ਲਾਸ਼ ਨਾਲ ਕੋਈ ਕੀ ਵਿਵਹਾਰ ਕਰੇਗਾ? ਲਾਸ਼ ਤਾਂ ਸਮਾਂ ਪਾ ਕੇ ਗਲ ਸੜ ਜਾਵੇਗੀ, ਇਸ ਲਈ ਕੋਈ ਇਸ ਨੂੰ ਦਫਨਾਉਂਦਾ ਤੇ ਕੋਈ ਸਾੜਦਾ ਤੇ ਇਸ ਭਾਣੇ ਨੂੰ ਸਭ ਨੂੰ ਮੰਨਣਾ ਪੈਂਦਾ। ਜਦੋਂ ਮਨੁੱਖ ਦੀ ਤੰਦਰੁਸਤੀ ਉਸ ਤੋਂ ਦੂਰ ਹੋ ਜਾਂਦੀ ਹੈ ਤੇ ਉਹ ਜੀਵਨ ਦੇ ਕਾਰ ਵਿਹਾਰ ਨਹੀਂ ਕਰ ਸਕਦਾ। ਉਸ ਸਮੇਂ ਕੋਈ ਵੀ ਬਹੁਤਾ ਸਮਾਂ ਉਸ ਦਾ ਸਾਥ ਨਹੀਂ ਦਿੰਦਾ । ਜਦ ਤੱਕ ਉਹ ਮਨੁੱਖ ਸੁੱਖ ਦਾ ਕਾਰਨ ਸੀ ਸਭ ਨਾਲ ਸਨ ਪਰ ਦੁੱਖ ਸਮੇਂ ਇਹ ਅਵਸਥਾ ਉਲਟ ਹੋ ਜਾਂਦੀ ਹੈ। ਜਦ ਤੱਕ ਮਨੁੱਖ ਕਮਾ ਰਿਹਾ ਉਸ ਪਾਸ ਧਨ ਹੈ। ਦੂਜਿਆਂ ਦੇ ਕੰਮ ਆ ਰਿਹਾ ਹੈ ਤਾਂ ਠੀਕ ਹੈ ਪਰ ਜਦ ਉਹ ਦੂਜਿਆਂ 'ਤੇ ਨਿਰਭਰ ਹੋ ਜਾਂਦਾ ਹੈ ਤਾ ਸਭ ਉਸ ਤੋਂ ਦੂਰ ਭੱਜਦੇ ਹਨ। ਗੁਰਮਤਿ ਵਿੱਚ ਇਸੇ ਲਈ ਕਿਰਤ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ। ਕਿਰਤ ਮਨੁੱਖ ਨੂੰ ਬੇਸ਼ੱਕ ਧਨਵਾਨ ਨਾ ਬਣਾ ਸਕੇ ਪਰ ਸਵੈ ਨਿਰਭਰ ਜ਼ਰੂਰ ਬਣਾ ਦਿੰਦੀ ਹੈ। ਇਸ ਲਈ ਗੁਰੂ ਤੇਗ ਬਹਾਦਰ ਜੀ ਇਹ ਕਹਿੰਦੇ ਹਨ ਕਿ ਨਿਰਧਨ ਵਿਅਕਤੀ ਦਾ ਸੰਗ ਸਭ ਛੱਡ ਜਾਂਦੇ ਸੀ।ਸਮਾਜ ਵਿੱਚ ਮਨੁੱਖ ਦੀ ਕੀਮਤ ਉਸ ਦੇ ਪ੍ਰਾਣਾਂ ਤੰਦਰੁਸਤੀ, ਰੁਜ਼ਗਾਰ ਅਤੇ ਧਨ ਕਰਕੇ ਹੈ। ਇਨ੍ਹਾਂ ਸਭ ਤੋਂ ਰਹਿਤ ਮਨੁੱਖ ਸਮਾਜ ਲਈ ਬੇਅਰਥ ਸਮਝਿਆ ਜਾਂਦਾ ਹੈ। ਇਸ ਕੋੜੇ ਯਥਾਰਥ ਨੂੰ ਗੁਰੂ ਸਾਹਿਬ ਨੇ ਪੇਸ਼ ਕੀਤਾ ਹੈ ਕਿਉਂਕਿ ਮਨੁੱਖ ਇਨ੍ਹਾਂ ਦੁਆਲੇ ਹੀ ਆਪਣੀ ਸੋਚ ਰੱਖਦਾ ਕਦੀਂ ਪਰਮਾਤਮਾ ਨਾਲ ਨਹੀਂ ਜੁੜਦਾ ਜੋ ਕਿ ਸਦੀਵੀ ਸੰਗੀ ਹੈ। ਉਹ ਸਦਾ ਸਹਾਈ ਹੈ। ਪਰਮਾਤਮਾ ਤੇ ਮਨੁੱਖ ਦਾ ਪਿਆਰ ਨਿਰਸਵਾਰਥ ਹੈ। ਉਸ ਅੰਸ਼ ਨੇ ਆਪਣੇ ਸਮੁੱਚ ਵਿੱਚ ਮਿਲਣਾ ਹੈ:ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ।।(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੧੮)ਜਗਤ ਦੇ ਸੁਖਾਂ ਵਿਚ ਰੁਚੀ ਉਪਜਾਉਣ ਤੋਂ ਭਾਵ ਹੈ ਸੰਸਾਰ ਦੇ ਸੁਖਾਂ ਵਿਚ ਖਚਿਤ ਹੋ ਜਾਣਾ। ਗੁਰੂ ਸਾਹਿਬ ਆਖਦੇ ਹਨ ਸਾਕ ਸਬੰਧੀਆਂ ਵਿਚ ਦੁਨਿਆਵੀ ਧੰਦਿਆਂ ਵਿਚ ਆਪਣੇ ਫਰਜਾਂ ਨੂੰ ਮਨੁੱਖ ਪੂਰਾ ਜਰੂਰ ਕਰੇ ਪਰ ਆਪਣੇ ਅਸਲ ਮਨੋਰਥ ਤੋਂ ਮੁਨਕਰ ਨਾ ਹੋਵੇ ਭਾਵ ਨਾਮ ਸਿਮਰਨ ਨੂੰ ਨਾ ਭੁਲੇ। ਪਰਮਾਤਮਾ ਨੂੰ ਭੁਲ ਮਨੁੱਖ ਗਲਤ ਤੇ ਅਨੈਤਿਕ ਕੰਮ ਕਰਦਾ ਹੈ। ਮੌਤ ਨੂੰ ਭੁੱਲ ਦੂਜੇ ਨਾਲ ਠੱਗੀ ਕਰਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਮੌਤ ਦੀ ਯਾਦ ਬਾਰ-ਬਾਰ ਕਰਵਾਉਂਦੇ ਹਨ। ਜੋ ਕਿ ਇਕ ਅਟੱਲ ਸਚਾਈ ਹੈ। ਜੋ ਵੀ ਉਪਜਿਆ ਹੈ, ਉਸ ਨੇ ਆਖਰਕਾਰ ਬਿਨਸਣਾ ਹੈ। ਇਕ ਪਰਮਾਤਮਾ ਹੀ ਹੈ ਜੋ ਕਾਲ ਰਹਿਤ ਹੈ। ਇਸ ਲਈ ਆਤਮਾ ਨੂੰ ਪਰਮਾਤਮਾ ਵਿਚ ਲੀਨ ਕਰਨ ਲਈ ਮਨੁੱਖ ਨੂੰ ਅਕਾਲ ਦੀ ਯਾਦ ਵਿਚ ਲੀਨ ਹੋ ਜਾਣਾ ਚਾਹੀਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਮੌਤ ਦੀ ਅਟੱਲ ਸਚਾਈ ਨੂੰ ਬਿਆਨ ਕਰਦੇ ਹੋਏਫਰਮਾਉਂਦੇ ਹਨ:ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ।।(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪੨੮-੨੯)ਇਥੇ ਗੁਰੂ ਸਾਹਿਬ ਦੁਨਿਆਵੀਂ ਪਦਾਰਥਾਂ ਨਾਲ 'ਅਤਿ ਨੇਹੁ' ਦੀ ਗੱਲ ਕਰਦੇ ਹਨ ਅਤੇ ਜਦੋਂ ਆਪ ਦੁਨਿਆਵੀ ਕਾਰ ਵਿਹਾਰ ਨੂੰ 'ਜੰਜਾਲ' ਦਾ ਨਾਂ ਦਿੰਦੇ ਹਨ ਤਾਂ ਉਹਨਾਂ ਦਾ ਭਾਵ ਇਹ ਨਹੀਂ ਕਿ ਮਨੁੱਖ ਦੁਨਿਆਵੀ ਫਰਜ਼ ਪੂਰੇ ਨਾ ਕਰੇ ਸੰਨਿਆਸੀ ਹੋ ਜਾਵੇ ਸਗੋਂ ਉਹ ਮਨੁੱਖ ਫਰਜ਼ ਨਿਭਾਉਂਦੇ ਜੰਜਾਲ ਵਿਚ ਨਾ ਫਸੇ ਸੰਸਾਰ ਵਿਚ ਰਹਿ ਕੇ ਇਸ ਵਿਚ ਖਚਿਤ ਨਾ ਹੋਵੇ ਦੀ ਗੱਲ ਕਰਦੇ ਹਨ। ਉਨ੍ਹਾਂ ਅਨੁਸਾਰ ਜਗਤ ਦਾ ਤਿਆਗ ਨਹੀਂ ਸਗੋਂ ਜਗਤ ਦੇ ਦੁਰ ਪ੍ਰਭਾਵ ਦਾ ਤਿਆਗ ਕਰਨਾ ਹੈ। "ਸਾਧੋ ਮਨ ਕਾ ਮਾਨੁ ਤਿਆਗਉ" ਸ਼ਬਦ ਵਿਚ ਗੁਰੂ ਸਾਹਿਬ ਨੇ ਇਸ ਨਿਰਲੇਪਤਾ ਦੇ ਕਠਿਨ ਖੇਲ ਦੀ ਵਿਆਖਿਆ ਕੀਤੀ ਹੈ। ਉਹਨਾਂ ਸਪਸ਼ਟ ਕਿਹਾ ਮਨ ਦੇ ਮਨ ਨੂੰ ਤਿਆਗੋ। ਹਉਮੈ ਨੂੰ ਤਿਆਗੋ ਇਹ ਹੀ ਪਰਮਾਤਮਾ ਦੇ ਮਿਲਾਪ ਦੇ ਰਾਹ ਵਿਚ ਵੱਡੀ ਰੁਕਾਵਟ ਹੈ। ਕਾਮ,ਕ੍ਰੋਧ ਤੇ ਕੁਸੰਗਤ ਦਾ ਤਿਆਗ ਉਹਨਾਂ ਦਾ ਉਪਦੇਸ਼ ਹੈ। ਅਗਲਾ ਉਪਦੇਸ਼ ਜੋ ਉਹਨਾਂ ਨੇ ਦਿੱਤਾ। ਹੈ। ਉਸ ਤੇ ਕੋਈ ਗੁਰਮੁਖ ਹੀ ਅਮਲ ਕਰ ਸਕਦਾ ਹੈ। ਸੁੱਖ-ਦੁੱਖ, ਮਾਨ-ਅਪਮਾਨ, ਹਰਖ-ਸੋਗ ਅਤੇ ਉਸਤਤਿ-ਨਿੰਦਾਂ ਨੂੰ ਇਕ ਸਮਾਨ ਸਮਝਣਾਂ ਕੋਈ ਛੋਟੀ ਗੱਲ ਨਹੀ ਪਰ ਜੇ ਮਨੁੱਖ ਨੇ ਜੀਵਨ ਦੇ ਅਸਲ ਮਨੋਰਥ ਨੂੰ ਪ੍ਰਾਪਤ ਕਰਨਾ ਤਾਂ ਇਸ ਮਾਰਗ ਤੇ ਤੁਰਨਾ ਹੀ ਪੈਣਾ। ਸਾਧੂ, ਸੰਨਿਆਸੀ ਬਣ ਇਹ ਤਿਆਗ ਪੂਰਾ ਨਹੀਂ ਹੁੰਦਾ। ਇਸੇ ਕਰਕੇ ਗੁਰੂ ਜੀ ਨੇ ਇਸ ਸ਼ਬਦ ਦੇ ਸ਼ੁਰੂ ਵਿੱਚ ਸੰਬੋਧਨੀ ਸ਼ਬਦ ਸਾਧੋ ਵਰਤਿਆ ਹੀ ਪਰਮਾਤਮਾ ਦੀ ਖੋਜ ਕਰਨ ਲਈ ਜੰਗਲਾ ਪਹਾੜਾਂ ਵਿੱਚ ਜਾਣ ਦੀ ਲੋੜ ਨਹੀਂ ਹੈ:ਕਾਹੇ ਰੇ ਬਨ ਖੋਜਨ ਜਾਈ।।ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।।(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੭੪)ਗੁਰੂ ਜੀ ਨੇ ਸਮਝਾਇਆ ਹੈ ਕਿ ਪਰਮਾਤਮਾ ਤਾਂ ਮਨੁੱਖ ਦੇ ਅੰਦਰ ਵਸਦਾ ਹੈ ਜੰਗਲਾਂ ਵਿਚ ਨਹੀਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਕਿਰਪਾ ਗੁਰਬਾਣੀ ਰਾਹੀਂ ਕਰਦੇ ਹੋਏ ਆਖਦੇ ਹਨ ਕਿਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।। ਕਾਮੁ ਕ੍ਰੋਧ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।।(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੩੩)ਆਸ਼ਾਵਾਂ ਦਾ ਤਿਆਗ ਕਰ ਕੇ ਜਗਤ ਵਿਚ ਵੈਰਾਗੀ ਹੋ ਕੇ ਰਹਿਣਾ ਅਤੇ ਕਾਮ-ਕ੍ਰੋਧ ਵਰਗੇ ਔਗੁਣਾਂ ਨੂੰ ਆਪਣੇ 'ਤੇ ਹਾਵੀ ਨਾ ਹੋਣ ਦੇਣਾ ਹੀ ਅਸਲ ਤਿਆਗ ਦਾ ਮਾਰਗ ਹੈ 'ਗ੍ਰਿਹਸਥ ਵਿਚ ਸੰਨਿਆਸ' ਦਾ ਜੀਵਨ ਹੀ ਗੁਰਮਿਤ ਦੇ ਅਨੁਕੂਲ ਜੀਵਨ ਦਾ ਇਕ ਸਹੀ ਰੂਪ ਹੈ। ਇਹ ਦੋਵੇ ਕਾਰਜ ਇਕ ਸਮੇਂ ਨਿਭਾਣਾ ਮਨੁੱਖ ਲਈ ਇਕ ਵੱਡੀ ਪ੍ਰੀਖਿਆ ਹੈ। ਜਿਸ ਵਿਚੋਂ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਹੀ ਪਾਸ ਹੋਇਆ ਜਾ ਸਕਦਾ ਹੈ। ਗੁਰਬਾਣੀ ਵਿਚ ਜਗਤ ਨੂੰ ਮਾਇਆ ਦਾਭਰਮ ਕਿਹਾ ਗਿਆ:ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ।। ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ।।(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪੨੮)ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।। ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।।(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪੨੭)ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਮੌਤ ਅਤੇ ਜਗਤ ਦੀ ਅਸਥਿਰਤਾ ਦੇ ਬਾਰ-ਬਾਰ ਬਿਆਨ ਕਰਨ ਦਾ ਮੰਤਵ ਮਨੁੱਖ ਨੂੰ ਪਰਮਾਤਮਾ ਦੀ ਭਗਤੀ ਵਿਚ ਜੋੜਨਾ ਹੈ। ਜਗਤ ਤੋਂ ਉਪਰਾਮ ਕਰ ਕੇ ਨਿਰਾ ਤਿਆਗੀ ਬਣਾਉਣਾ ਨਹੀਂ ਹੈ। ਆਪ ਨਿਰਭੈਤਾ ਆਜ਼ਾਦੀ, ਬਰਾਬਰੀ ਅਤੇ ਨਿਆਂ ਦੇ ਅਲੰਬਰਦਾਰ ਸਨ। ਆਪ ਜੀ ਨੇ ਇਹਨਾਂ ਅਦਰਸ਼ਾਂ ਦੀ ਰਾਖੀ ਲਈ ਆਪਣੇ ਜੀਵਨ ਤੱਕ ਨੂੰ ਕੁਰਬਾਨ ਕੀਤਾ। ਆਪ ਦੀ ਬਾਣੀ ਮਨੁੱਖੀ ਜੀਵਨ ਦੀ ਅਨਮੋਲਤਾ ਨੂੰ ਬਿਆਨਕਰਦੀ ਹੈ। ਆਪ ਨੇ ਮਨੁੱਖੀ ਸਰੀਰ ਨੂੰ ਦੁਰਲੱਭ ਕਿਹਾ। ਮਨੁੱਖੀ ਜੀਵਨ ਦਾ ਕਾਰਜ ਪਰਮਾਤਮਾ ਦਾ ਨਾਮ ਸਿਮਰਨ ਦੱਸਿਆ ਹੈ। ਮਾਨਸ ਜਨਮ ਨੂੰ ਅਮੋਲਕ ਆਖਿਆ ਹੈ। ਇਸ ਲਈ ਆਪ ਮਨੁੱਖ ਨੂੰ ਕਦੇ ਵੀ ਨਿਰਾਸ਼ਾਵਾਦੀ ਹੋਣ ਦਾ ਸੰਦੇਸ਼ ਨਹੀਂ ਦਿੰਦੇ ਸਗੋਂ ਜਗਤ ਅਤੇ ਜੀਵਨ ਦੋਵੇਂ ਹੀ ਪਰਮਾਤਮਾ ਦੀ ਅਲੌਕਿਕ ਦੇਣ ਜਾਣ ਕੇ ਉਸ ਨੂੰ ਨਾਮ ਵਿੱਚ ਲਾਉਣ ਲਈ ਕਹਿੰਦੇ ਹਨ ਤਾਂ ਜੋ ਮਨੁੱਖ ਜੀਵਨ ਮੁਕਤ ਹੋ ਸਕੇ ਤੇ ਪਰਮਾਤਮਾ ਨਾਲ ਉਸ ਦਾ ਮਿਲਾਪ ਹੋ ਸਕੇ।ਸੋ ਆਪ ਦੀ ਬਾਣੀ ਨਾਸ਼ਵਾਨਤਾ ਕਿਧਰੇ ਨਿਰਾਸ਼ਾਵਾਦ ਦੇ ਰਾਹ ਪੈਂਦੀ ਨਹੀਂ ਜਾਪਦੀ, ਇਹ ਹਮੇਸ਼ਾ ਜੀਵਨ ਲਈ ਉਸਾਰੂ ਟੁੰਬ ਸਾਬਤ ਹੁੰਦੀ ਹੈ। ਆਪ ਨੇ ਜਦ ਦੁਨੀਆਂ ਨੂੰ ਮਿਥਿਆ ਕਿਹਾ ਹੈ ਤਾ ਮੰਤਵ ਹਮੇਸ਼ਾ ਸੱਚ ਵੱਲ ਧਿਆਨ ਲਿਜਾਣ ਦਾ ਹੁੰਦਾ ਹੈ।ਇਥੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਹੁਤੀ ਬਾਣੀ ਗਾਫਲ ਮਨੁਖ ਜਗਾਉਣ ਹਿਤ ਉਪਦੇਸ ਪ੍ਰਥਾਇ ਹੈ। ਇਹ ਗਾਫਲ ਮਨੁੱਖ ਬ੍ਰਹਮ ਗਿਆਨੀ ਨਹੀਂ ਹੋ ਸਕਦਾ। ਗੁਰੂ ਸਾਹਿਬ ਇਸ ਲਈ ਦੁਨੀਆਂ ਤੋਂ ਉਪਰਾਮ ਰਹਿਣ ਦੀ ਗੱਲ ਕਰਦੇ ਹਨ। ਗੁਰੂ ਸਾਹਿਬ ਜਿਸ ਨਾਸ਼ਵਾਨਤਾ ਵੈਰਾਗ ਨੂੰ ਪੇਸ਼ ਕਰਦੇ ਹਨ ਉਹ ਉਪਰਾਮਤਾ ਵਾਲਾ ਅੰਗ ਬਲਵਾਨ ਕਰਦੀ ਹੈ ਉਪਰਾਮਤਾ ਵਾਲੇ ਭਾਵ ਜਗਾ ਕੇ ਮਨੁੱਖ ਦੇ ਮਨ ਵਿੱਚ ਐਸੀ ਧਰਤੀ ਤਿਆਰ ਕਰ ਲੈਂਦੇ ਹਨ। ਜਿਸ ਵਿੱਚ ਨਾਮ ਦਾ ਤੇ ਨਿਰੰਕਾਰ ਦੇ ਪ੍ਰੇਮ ਦਾ ਬੀਜ ਪਾਉਣ ਆਸਾਨ ਹੋ ਜਾਂਦਾ ਹੈ।ਆਪ ਨੇ ਨਾਸ਼ਵਾਨਤਾ ਦੇ ਵਿਸ਼ੇ ਨੂੰ ਕਈ ਵਿਧੀਆਂ ਨਾਲ ਪੇਸ਼ ਕੀਤਾ ਜੋ ਅਤਿਅੰਤ ਕਲਾ ਪੂਰਤ ਹਨ। ਗੁਰੂ ਸਾਹਿਬ ਨੇ ਕਲਾ ਕੌਸ਼ਲਤਾ ਦੀਆਂ ਉਤਮ ਵਿਧੀਆਂ ਵਰਤ ਕੇ ਜੀਵਨ ਦੀ ਅਸਾਰਤਾ ਤੇ ਇਸ ਨਾਲ ਜੁੜ ਸਕਣ ਵਾਲੇ ਮਨੋਭਾਵਾਂ ਨੂੰ ਵਿਅਕਤ ਕੀਤਾ ਹੈ।ਸੰਸਾਰ ਦੇ ਕਈ ਪ੍ਰਸਿੱਧ ਅਧਿਆਤਮਕ ਲੇਖਕਾਂ ਨੇ ਨਾਸ਼ਮਾਨਤਾਂ ਨੂੰ ਬਹੁਤ ਲਾਭਦਾਇਕ ਸੰਕਲਪ ਨਿਸਚੇ ਕੀਤਾ। ਯੂਨਾਨੀ ਫਲਸਫੇ ਵਿੱਚ ਮੌਤ ਦੇ ਚਿੰਤਕ ਨੂੰ ਸਿਆਣਪ ਦਾ ਮੁੱਢ ਕਿਹਾ ਗਿਆ ਹੈ। ਇਹ ਚਿੰਤਨ ਨੂੰ ਹੰਕਾਰ ਦੇ ਘੋੜੇ ਉੱਤੇ ਚੜੇ ਮਨੁੱਖ ਨੂੰ ਥੱਲੇ ਲਾਹੁੰਦਾ ਹੈ। ਕਬਰ ਜਾਂ ਸ਼ਮਸ਼ਾਨ ਵਿੱਚ ਜਾ ਕੇ ਅਮੀਰ, ਗਰੀਬ, ਵੱਡੇ-ਛੋਟੇ ਸਭ ਬਰਾਬਰ ਹੋ ਜਾਂਦੇ ਹਨ।ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਧਨ ਦਾ ਗੁਮਾਨ ਕਰ ਕੇ ਆਪਣੇ ਆਪ ਨੂੰ ਦੂਜਿਆਂ ਤੋਂ ਉੱਚਾ ਪ੍ਰਤੀਤ ਕਰਨ ਵਾਲੇ ਮਨੁੱਖਾਂ ਦੇ ਮਾਨਸਿਕ ਬੁਖਾਰ ਨੂੰ ਆਪਣੀ ਬਾਣੀ ਰਾਹੀਂ ਹੌਲਾ ਕੀਤਾ ਹੈ।ਜੋ ਸੰਪਤਿ ਅਪਨੀ ਕਰਿ ਮਾਨੀ ਖਿਨ ਮਹਿ ਭਈ ਪਰਾਈ ।।(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੦੮)ਮੌਤ, ਨਾਸ਼ ਮਾਨਤਾ, ਤਿਆਗ, ਨਿਰਲੇਪਤਾ, ਵੈਰਾਗ ਭਾਵਾਂ ਕਾਰਨ ਆਪ ਦੀ ਬਾਣੀ ਦਾ ਵਾਤਾਵਰਨ ਕੁਝ ਉਦਾਸ ਪ੍ਰਤੀਤ ਹੁੰਦਾ ਹੈ। ਇਸ ਵਿੱਚ ਬਾਕੀ ਗੁਰਬਾਣੀ ਨਾਲੋਂ ਤਿਆਗ ਉਤੇ ਕੁਝ ਵਧੇਰੇ ਜ਼ੋਰ ਦਿੱਤਾ ਹੈ ਪਰ ਸਿਧਾਂਤ ਵੱਖਰਾ ਨਹੀਂ ਹੈ।ਇਸ ਤਰ੍ਹਾਂ ਗੁਰੂ ਸਾਹਿਬ ਦੀ ਬਾਣੀ ਸਾਨੂੰ ਜਗਤ ਦੀ ਮਾਇਆ, ਲੋੜ ਅਤੇ ਸੁੱਖ ਨਾਲ ਜੁੜੀ ਪ੍ਰੀਤ ਦੀ ਅਸਿਥਿਰਤਾ ਬਾਰੇ ਸਮਝਾਉਂਦੀ ਹੈ। ਇਸ ਦੀ ਝੂਠੀ ਪ੍ਰੀਤ ਪਿੱਛੇ ਲੱਗ ਕੇ ਪਰਮਾਤਮਾ ਦੀ ਸੱਚੀ ਪ੍ਰੀਤ ਨੂੰ ਨਹੀਂ ਭੁੱਲਣਾ ਚਾਹੀਦਾ। ਜੀਵਨ ਦੇ ਕਾਰ ਵਿਹਾਰ ਨੇਕ ਨੀਤੀ ਨਾਲ ਕਰਦੇਹੋਏ ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਤਿੰਨੇ ਕਿਰਿਆਵਾਂ ਨੂੰ ਬਰਾਬਰ ਲੈ ਕੇ ਚੱਲਣ ਦਾ ਸੰਦੇਸ਼ ਦਿੱਤਾ ਹੈ। ਇਨ੍ਹਾਂ ਕਿਰਿਆਵਾਂ ਦਾ ਜ਼ਿੰਦਗੀ ਵਿਚ ਸੁਮੇਲ ਹੀ ਗੁਰੂ ਜੀ ਦੀ ਬਾਣੀ ਦਾ ਮੂਲ ਮੰਤਵ ਹੈ।

**ਡਾ. ਮਹੀਪਿੰਦਰ ਕੌਰ**
**ਸਹਾਇਕ ਪ੍ਰੋਫੈਸਰ, ਪੰਜਾਬੀ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੂਮੈਨ, ਝਾੜ ਸਾਹਿਬ, ਲੁਧਿਆਣਾ।**

# ਸਿੱਖ ਦੇ ਪਹਿਰਾਵੇ ਦਾ ਅਹਿਮ ਅੰਗ ਦਸਤਾਰ

ਅੱਜ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਦਸਤਾਰ ਧਾਰੀ ਲੋਕ ਸਮੁੱਚੇ ਵਿਸ਼ਵ ਵਿੱਚ ਫੈਲੇ ਹੋਏ ਹਨ । ਅਸਲ ਵਿੱਚ ਵਿਸ਼ਵ ਦੇ ਛੋਟੇ-ਵੱਡੇ ਧਰਮਾਂ ਵਿੱਚੋਂ ਸਿੱਖ ਧਰਮ ਸੰਸਾਰ ਦਾ ਵਿਲੱਖਣ ਅਤੇ ਵੱਖਰੀ ਪਹਿਚਾਨ ਰੱਖਣ ਵਾਲਾ ਧਰਮ ਹੈ । ਸਿੱਖ ਦੇ ਪਹਿਰਾਵੇ ਵਿੱਚ ਦਸਤਾਰ ਦਾ ਵਿਸ਼ੇਸ ਸਥਾਨ ਹੈ । ਅੱਜ ਜਦੋਂ ਸਿੱਖ ਧਰਮ ਵਿਸ਼ਵ ਵਿਆਪੀ ਹੋ ਚੁੱਕਾ ਹੈ ਤਾਂ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਚੁਣੌਤੀਆਂ ਵਿੱਚੋਂ ਸਾਡੀ ਦਸਤਾਰ ਲਈ ਪੈਦਾ ਹੋ ਰਹੀਆਂ ਸਮੱਸਿਆਵਾਂ ਕਰਕੇ ਸਮੁੱਚੀ ਦੁਨੀਆਂ ਦੇ ਮੀਡੀਆ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਸਮੇਂ-ਸਮੇਂ ਖ਼ਬਰਾਂ ਛੱਪਦੀਆਂ ਰਹਿੰਦੀਆਂ ਹਨ, ਭਾਵੇਂ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਦੂਸਰੇ ਧਰਮਾਂ ਦੇ ਲੋਕ ਵੀ ਦਸਤਾਰ ਜਾਂ ਪਗੜੀ ਧਾਰਨ ਕਰਕੇ ਆਪਣੀ ਵੱਖਰੀ ਪਹਿਚਾਣ ਕਰਕੇ ਜਾਣੇ ਜਾਂਦੇ ਹਨ । ਗੁਰੂ ਕਾਲ ਵਿੱਚ ਸਾਰੇ ਗੁਰੂ ਸਾਹਿਬਾਨ ਅਤੇ ਗੁਰੂ ਨਾਨਕ ਲੇਵਾ ਸਿੱਖ ਦਸਤਾਰ ਧਾਰਨ ਕਰਦੇ ਸਨ । ਸਰਬੰਸਦਾਨੀ ਪਿਤਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਦੀ ਵੈਸਾਖੀ ਦੇ ਪਾਵਨ ਅਵਸਰ 'ਤੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਦੀ ਵਿਲੱਖਣ ਘਟਨਾ ਸਮੇਂ ਦਸਤਾਰ ਨੂੰ ਸਿੱਖਾਂ ਦੇ ਅਤਿ ਜ਼ਰੂਰੀ ਪਹਿਰਾਵੇ ਦਾ ਅੰਗ ਬਣਾ ਦਿੱਤਾ । ਦਸਤਾਰ ਹੀ ਹੈ, ਜਿਹੜੀ ਪੰਜਾਂ ਕਕਾਰਾਂ ਵਿੱਚੋਂ ਕੇਸਾਂ ਦੀ ਸੰਭਾਲ ਲਈ ਪਹਿਨਣ ਵਾਲੇ ਬਸਤਰਾਂ ਵਿੱਚ ਅਹਿਮ ਸਥਾਨ ਰੱਖਦੀ ਹੈ । ਇਸ ਦਸਤਾਰ ਤੋਂ ਬਿਨਾਂ ਸਿੱਖ ਦਾ ਸਰੂਪ ਕਿਆਸਿਆ ਵੀ ਨਹੀਂ ਜਾ ਸਕਦਾ ।

ਸੌਣ ਸਮੇਂ ਜਾਂ ਅਰਾਮ ਕਰਨ ਸਮੇਂ ਛੋਟੀ ਦਸਤਾਰ ਸਜਾਉਣਾ ਸਿੱਖ ਲਈ ਲਾਜ਼ਮੀ ਹੈ, ਜਿਸ ਨੂੰ ਕੇਸਕੀ ਦਾ ਨਾਂਅ ਦਿੱਤਾ ਗਿਆ ਹੈ । ਆਮ ਤੌਰ 'ਤੇ ਅੰਮ੍ਰਿਤਧਾਰੀ ਸਿੱਖ ਦਸਤਾਰ ਦੇ ਹੇਠਾਂ ਕੇਸਕੀ ਸਜਾਉਂਦੇ ਹਨ । ਭਾਵੇਂ ਇਸ ਖਿੱਤੇ ਦੇ ਕੁਝ ਦੇਸ਼ਾਂ ਵਿੱਚ ਸਿਰ ਨੂੰ ਢੱਕਣ ਲਈ ਮੁੱਢ-ਕਦੀਮ ਤੋਂ ਪਗੜੀ ਦੀ ਵਰਤੋਂ ਹੁੰਦੀ ਆਈ ਹੈ । ਪਰ ਆਰੀਆ ਸੱਭਿਅਤਾ ਦੇ ਲੋਕਾਂ ਵਿੱਚ ਪਗੜੀ ਬੰਨਣ ਦਾ ਰਿਵਾਜ਼ ਬਹੁਤ ਪੁਰਾਣਾ ਹੈ । ਪੰਜਾਬ ਦੀ ਸੱਭਿਅਤਾ ਵਿੱਚ ਦਸਤਾਰ ਧਾਰਨ ਕਰਨੀ ਸਾਡੇ ਸਮਾਜ ਅਤੇ ਸੱਭਿਆਚਾਰ ਦਾ ਹਿੱਸਾ ਰਿਹਾ ਹੈ । ਹਰ ਧਰਮ ਤੇ ਜਾਤ ਦੇ ਲੋਕ ਦਸਤਾਰ ਸਜਾਉਂਦੇ ਰਹੇ ਹਨ । ਸਾਡੀ ਪੰਜਾਬੀ ਭਾਸ਼ਾ ਦੇ ਮੁਹਾਵਰਿਆਂ, ਲੋਕ-ਅਖਾਣਾਂ ਅਤੇ ਵਿਰਾਸਤੀ ਲੋਕ ਗੀਤਾਂ, ਸ਼ੈਲੀਆਂ ਵਿੱਚ ਦਸਤਾਰ, ਪੱਗ, ਪਗੜੀ ਦੀ ਅਹਿਮੀਅਤ ਵੀ ਓਨੀ ਹੀ



ਪੁ◌ਰਾਣੀ ਹੈ, ਜਿੰਨੀ ਸਾਡੀ ਭਾਸ਼ਾ ਅਤੇ ਮਾਂ-ਬੋਲੀ ਦੇ ਜਨਮ ਦੀ ਗਾਥਾ । ਜਦੋਂ ਅੰਗ੍ਰੇਜ਼ਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ ਤਾਂ ਅੰਗ੍ਰੇਜ਼ੀ ਸੱਭਿਆਚਾਰ ਨੇ ਦਸਤਾਰ ਨੂੰ ਕੇਵਲ ਸਿੱਖ ਸਮਾਜ ਤੱਕ ਹੀ ਸੀਮਤ ਕਰ ਦਿੱਤਾ । ਅਸੀਂ ਅੱਜ ਵੀ ਦੇਖਦੇ ਹਾਂ ਕਿ ਹਿੰਦੂ ਸਮਾਜ ਵਿੱਚ ਖੁਸ਼ੀ ਜਾਂ ਗ਼ਮੀ ਦੇ ਸਮਾਗਮਾਂ ਵਿੱਚ ਪਗੜੀ ਬੰਨ੍ਹਣ ਦਾ ਰਿਵਾਜ਼ ਵੀ ਬਾ-ਦਸਤੂਰ ਚੱਲ ਰਿਹਾ ਹੈ । ਕਿਸੇ ਬਜ਼ੁਰਗ ਦੀ ਮੌਤ ਤੋਂ ਪਿੱਛੋਂ ਉਸ ਦੇ ਪੁੱਤਰ ਨੂੰ ਦਸਤਾਰ ਜਾਂ ਪਗੜੀ ਸਮਾਜਿਕ ਜ਼ਿੰਮੇਵਾਰੀ ਨੂੰ ਸੰਭਾਲਣ ਦੇ ਚਿੰਨ ਵਜੋਂ ਦਿੱਤੀ ਜਾਂਦੀ ਹੈ ।

ਦੂਜੇ ਵੱਡੇ ਸੰਸਾਰ ਯੁੱਧ (1939 ਤੋਂ 1944) ਸਮੇਂ ਅੰਗ੍ਰੇਜ਼ਾਂ ਦੇ ਅਧੀਨ ਲੜ ਰਹੇ ਸਿੱਖ ਫੌਜੀਆਂ ਨੂੰ ਲੋਹ-ਟੋਪ ਪਾਉਣ ਦੇ ਆਦੇਸ਼ ਅੰਗ੍ਰੇਜ਼ੀ ਹਕੂਮਤ ਵੱਲੋਂ ਦਿੱਤੇ ਗਏ ਸਨ । ਵੱਡੀ ਗਿਣਤੀ ਵਿੱਚ ਜਾਨੀ ਨੁਕਸਾਨ ਨੂੰ ਘੱਟ ਕਰਨ ਦੇ ਡਰ ਵਜੋਂ ਅਜਿਹਾ ਲਾਜ਼ਮੀ ਕੀਤਾ ਗਿਆ ਸੀ । ਭਾਰਤ ਵਿੱਚ ਰਾਜ ਕਰ ਰਹੀ ਬਰਤਾਨਵੀ ਸਰਕਾਰ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਅਸੀਂ ਏਨਾ ਜਾਨੀ ਨੁਕਸਾਨ ਹੋਣ 'ਤੇ ਸਿੱਖ ਫੌਜੀਆਂ ਦੀਆਂ ਵਿਧਵਾਵਾਂ ਨੂੰ ਪੈਨਸ਼ਨ ਦੇਣ ਦਾ ਬੋਝ ਨਹੀਂ ਚੁੱਕ ਸਕਦੇ । ਪਰ ਇਸ ਤੋਂ ਉਲਟ ਸਾਡੇ ਸਾਰੇ ਸਿੱਖ ਫੌਜੀ ਜਵਾਨਾਂ ਅਤੇ ਅਫ਼ਸਰਾਂ ਨੇ ਇਸ ਗੱਲ ਨੂੰ ਪ੍ਰਵਾਨ ਕਰ ਲਿਆ ਕਿ ਜਦੋਂ ਕਿਸੇ ਦਸਤਾਰ ਧਾਰੀ ਜਵਾਨ ਦੀ ਮੌਤ ਸਿਰ ਵਿੱਚ ਗੋਲੀ ਲੱਗਣ ਨਾਲ ਹੋਵੇਗੀ ਤਾਂ ਉਸ ਦੀ ਵਿਧਵਾ ਤੇ ਪਰਿਵਾਰਕ ਪੈਨਸ਼ਨ ਨਹੀਂ ਲਈ ਜਾਵੇਗੀ । ਸਮੁੱਚਾ ਦੂਜਾ ਵਿਸ਼ਵ ਯੁੱਧ ਬਿਨਾਂ ਲੋਹ-ਟੋਪ ਪਹਿਨਣ ਤੋਂ ਦਸਤਾਰਾਂ ਸਜਾ ਕੇ ਲੜਿਆ । ਸਿੱਖੀ ਸਿਦਕ ਲਈ ਦਸਤਾਰ ਦੀ ਅਹਿਮੀਅਤ ਤੇ ਪਹਿਚਾਣ ਦੀ ਖ਼ਾਤਰ ਜ਼ਿੰਦਗੀ ਦਾ ਬਲੀਦਾਨ ਤੇ ਸ਼ਹਾਦਤ ਦਾ ਜਾਮ ਪੀਣ ਨੂੰ ਪਹਿਲ ਦਿੱਤੀ । ਪਰਿਵਾਰਾਂ ਦੀ ਆਰਥਿਕ ਤੰਗੀ ਨੂੰ ਤਾਂ ਜਰ ਲਵਾਂਗੇ, ਪਰ ਦਸਤਾਰ ਨੂੰ ਆਂਚ ਨਹੀਂ ਲੱਗਣ ਦੇਣੀ । ਸਾਡੇ ਸਿੱਖ ਜਵਾਨ ਇਹ ਭਲੀ ਭਾਂਤ ਇਸ ਗੱਲ ਨੂੰ ਸਮਝਦੇ ਸਨ ਕਿ ਵਿਸ਼ਵ ਭਰ ਦੇ ਦੇਸ਼ਾਂ ਵਿੱਚ ਸਾਡੀ ਪਹਿਚਾਣ ਦਸਤਾਰ ਕਰਕੇ ਹੀ ਬਣਦੀ ਹੈ ।

ਡਾ: ਰਤਨ ਸਿੰਘ ਜੱਗੀ ਸਿੱਖ ਵਿਸ਼ਵ ਕੋਸ਼ ਵਿੱਚ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਹੁਣ ਤੱਕ ਹੋਏ ਦੋਵਾਂ ਵਿਸ਼ਵ ਯੁੱਧਾਂ ਦੌਰਾਨ 83055 ਦਸਤਾਰ ਧਾਰੀ ਸਿੱਖਾਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ ਦੋਵਾਂ ਲੜਾਈਆਂ ਦੌਰਾਨ ਅੰਗ੍ਰੇਜ਼ੀ ਹਕੂਮਤ ਨੇ ਜੰਗ ਦੀ ਭੱਠੀ ਵਿੱਚ ਬਾਲਣ ਵਜੋਂ ਦਸਤਾਰਧਾਰੀ ਫੌਜੀਆਂ ਦੀ ਅਹੂਤੀ ਦਿੱਤੀ । ਦੋਵਾਂ ਵਿਸ਼ਵ ਯੁੱਧਾਂ ਦੌਰਾਨ 1,09,045 ਸਿੱਖ ਜਵਾਨ ਜ਼ਖਮੀ ਹੋਏ ਸਨ । ਸਾਡੇ ਪੁਰਖਿਆਂ ਦੀ ਇਹ ਗਾਥਾ ਦਸਤਾਰ ਪਹਿਨਣ ਵਾਲੇ ਸਿੱਖਾਂ ਲਈ ਮਾਣ ਵਾਲੀ ਗੱਲ ਨਹੀਂ ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਿਕ ਵਰਤਮਾਨ ਸਮੇਂ ਵਿੱਚ ਖ਼ਾਲਸਾ ਸਾਜਨਾ ਦਿਵਸ ਨੂੰ ਸਿੱਖ ਦਸਤਾਰ ਦਿਵਸ ਵਜੋਂ ਮਨਾਉਣਾ ਦਸਤਾਰ ਸਿੱਖ ਦੇ ਪਹਿਰਾਵੇ ਦੇ ਅਹਿਮ ਅੰਗ ਦਾ ਸੁਨੇਹਾ ਦਿੰਦਾ ਹੈ । ਅਸੀਂ ਰੋਜ਼ਾਨਾ ਪੜ੍ਹਦੇ ਸੁਣਦੇ ਹਾਂ, ਸਾਡੇ ਪ੍ਰਵਾਸੀ ਭਾਰਤੀ ਸਿੱਖ ਵੀਰਾਂ ਨੂੰ ਅੱਜ ਵੀ ਦਸਤਾਰ ਸਿੱਖੀ ਦੇ ਵੱਕਾਰ ਦਾ ਮਸਲਾ ਬਣ ਜਾਂਦਾ ਹੈ । ਬਹੁਤ ਸਾਰੇ ਦੇਸ਼ਾਂ ਵਿੱਚ ਸਿੱਖਾਂ ਨੂੰ ਦਸਤਾਰ ਸਜਾ ਕੇ ਨੌਕਰੀ ਜਾਂ ਹੋਰ ਕਾਰੋਬਾਰ ਕਰਨ ਦੀ ਇਜਾਜ਼ਤ ਮਿਲੀ ਹੋਈ ਹੈ । ਪਰ ਦਸਤਾਰ ਲਈ ਸੰਘਰਸ਼ ਅਜੇ ਵੀ ਜਾਰੀ ਹੈ । ਬਹੁਤ ਸਾਰੇ ਦੇਸ਼ਾਂ ਵਿੱਚ ਸਿੱਖ ਭੈਣਾਂ-ਵੀਰਾਂ ਨੂੰ ਦੋਪਹੀਆ ਸਵਾਰੀ ਨੂੰ ਚਲਾਉਣ ਸਮੇਂ ਲੋਹ-ਟੋਪ ਪਹਿਨਣ ਤੋਂ ਛੋਟ ਮਿਲੀ ਹੋਈ ਹੈ । ਪਰ ਇਸ ਚੱਲ ਰਹੇ ਸੰਘਰਸ਼ ਦੌਰਾਨ ਦਸਤਾਰ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਕੇ ਹਰ ਸਿੱਖ ਨੂੰ ਆਪਣੇ ਫਰਜ਼ਾਂ ਤੇ ਕਰਤਵਾਂ ਨੂੰ ਸਮਝਣਾ ਪਵੇਗਾ । ਸਿੱਖ ਦਸਤਾਰ ਦਿਵਸ ਸਮੇਂ ਸੁੰਦਰ ਦਸਤਾਰ-ਦੁਮਾਲਾ ਮੁਕਾਬਲੇ ਕਰਵਾ ਰਹੀਆਂ ਸੰਸਥਾਵਾਂ, ਸਭਾ, ਸੁਸਾਇਟੀਆਂ ਨੂੰ ਹੋਰ ਵਧੇਰੇ ਉਤਸ਼ਾਹ ਤੇ ਲਗਨ ਨਾਲ ਦਸਤਾਰ ਦੀ ਪਹਿਚਾਣ ਲਈ ਗਹਿਰ ਗੰਭੀਰ ਯਤਨ ਕਰਨੇ ਪੈਣਗੇ ।

**ਭਗਵਾਨ ਸਿੰਘ ਜੌਹਲ**

# ਇੰਗਲੈਂਡ ਦੀ ਸੰਗਤ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਸਾਊਂਡ ਸਿਸਟਮ ਦੀ ਕੀਤੀ ਸ਼ੁਰੂਆਤ

ਅੰਮ੍ਰਿਤਸਰ-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਤਕਨੀਕ ਦੇ ਸਾਊਂਡ ਸਿਸਟਮ ਦੀ ਅੱਜ ਅਰਦਾਸ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ਼ੁਰੂਆਤ ਕੀਤੀ ਗਈ। ਇਸ ਸਾਊਂਡ ਸਿਸਟਮ ਦੀ ਸੇਵਾ ਇੰਗਲੈਂਡ ਦੇ ਸ਼ਰਧਾਲੂ ਪਰਿਵਾਰਾਂ ਵੱਲੋਂ ਕੀਤੀ ਗਈ ਹੈ।

ਇਸ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਮੇਂ-ਸਮੇਂ ਵੱਖ-ਵੱਖ ਸੇਵਾਵਾਂ ਕਰਵਾਈਆਂ ਜਾਂਦੀਆਂ ਹਨ। ਬੀਤੇ ਸਮੇਂ ਅੰਤ੍ਰਿੰਗ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਤਕਨੀਕ ਵਾਲਾ ਸਾਊਂਡ ਸਿਸਟਮ ਲਗਾਉਣ ਦਾ ਫੈਸਲਾ ਕੀਤਾ ਗਿਆ ਸੀ।

ਇਸ ਕਾਰਜ ਦੀ ਸੇਵਾ ਇੰਗਲੈਂਡ ਨਿਵਾਸੀ ਸ. ਗੁਰਸੇਵਕ ਸਿੰਘ ਸ਼ੇਰਗਿੱਲ, ਸ. ਗੁਲਿੰਦਰ ਸਿੰਘ, ਸ. ਜਤਿੰਦਰ ਸਿੰਘ ਹੇਅਰ, ਸ. ਰਣਜੀਤ ਸਿੰਘ ਸੱਗੂ, ਸ. ਪ੍ਰਦੀਪ ਸਿੰਘ ਨਿੱਜਰ ਤੇ ਸ. ਗੁਰਪ੍ਰੀਤ ਸਿੰਘ ਸੰਧੂ ਦੇ ਪਰਿਵਾਰਾਂ ਵੱਲੋਂ ਕਰਵਾਈ ਗਈ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ. ਗੁਰਸੇਵਕ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਇੰਗਲੈਂਡ ਵਿਖੇ ਸਥਾਪਤ ਕੀਤੇ ਗਏ ਸਿੱਖ ਮਿਸ਼ਨ ਬਾਰੇ ਵੀ ਵਿਚਾਰਾਂ ਹੋਈਆਂ। ਸ਼੍ਰੋਮਣੀ ਕਮੇਟੀ ਵੱਲੋਂ ਇਸ ਕੇਂਦਰ ਰਾਹੀਂ ਇੰਗਲੈਂਡ ਦੀਆਂ ਸੰਗਤਾਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ ਸਮੇਂ ਸਹਿਯੋਗ ਕਰਨ ਦੇ ਨਾਲ-ਨਾਲ ਧਰਮ ਪ੍ਰਚਾਰ ਦੇ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਲਈ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਵੀ ਇੰਗਲੈਂਡ ਭੇਜੇ ਜਾਇਆ ਕਰਨਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਜਾਂ ਲਈ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਸਿੰਘ ਅਤੇ ਮੁੰਬਈ ਤੋਂ ਮੈਂਬਰ ਸ. ਗੁਰਿੰਦਰ ਸਿੰਘ ਬਾਵਾ ਦਾ ਵੀ ਸਹਿਯੋਗ ਰਿਹਾ ਹੈ।

ਇਸ ਮੌਕੇ ਇੰਗਲੈਂਡ ਤੋਂ ਪੁੱਜੇ ਸ. ਗੁਰਸੇਵਕ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਗੁਰੂ ਸਾਹਿਬ ਦੀ ਰਹਿਮਤ ਸਦਕਾ ਵੱਖ-ਵੱਖ ਪਰਿਵਾਰਾਂ ਦੇ ਸਹਿਯੋਗ ਨਾਲ ਇਹ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਸਹਿਯੋਗ ਕਰਨ ਵਾਲੇ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ ਉਹ ਗੁਰੂ ਘਰ ਦੀਆਂ ਸੇਵਾਵਾਂ ਇਸੇ ਤਰ੍ਹਾਂ ਕਰਨ ਦਾ ਬੱਲ ਬਖ਼ਸ਼ਣ।



ਉਨ੍ਹਾਂ ਕਿਹਾ ਕਿ ਇਹ ਆਧੁਨਿਕ ਤਕਨੀਕ ਵਾਲਾ ਸਾਊਂਡ ਸਿਸਟਮ ਹੈ, ਜਿਸ ਦੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਵੱਖ-ਵੱਖ ਜਗ੍ਹਾਂ 'ਤੇ 130 ਸਪੀਕਰ ਲਗਾਏ ਗਏ ਹਨ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸੇਵਾ ਕਰਨ ਵਾਲੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

# Iranian Invitation: A Test for Akal Takht Sahib and SGPC

## Guardianship of Sikh Principles in a Diplomatic Labyrinth




The invitation extended by the Iranian government to the Jathedar of Sri Akal Takht Sahib and the President of the Shiromani Gurdwara Parbandhak Committee (SGPC) for an event in Delhi commemorating Ayatollah Ali Khamenei is not merely a formal religious gesture. This is the first time an Islamic Republic has officially invited the supreme institutions of the Sikh world as 'Guests of Honor' to remember their spiritual leader. Amidst the current geopolitical tensions in West Asia, this move carries profound diplomatic meanings and cultural signals.The phrase used by the Iranian delegation "Sikhism and we both believe in the immortality of the martyr"—is part of a well-calculated diplomacy. Iran has skillfully attempted to find a common axis between the 'Martyrdom of Karbala' in Shia Islam and the great martyrdoms of Sikh history.However, it is essential to understand a fundamental difference. In Sikhism, the concept of martyrdom (Shahadat) is not confined to a specific religion or politics. The martyrdoms of Guru Arjan Dev Ji and Guru Tegh Bahadur Ji were for human rights, freedom of religion, and the protection of truth. In contrast, the Iranian narrative often ties martyrdom more closely to national politics and religious identity. It will be a significant challenge for Sikh leaders to highlight the 'universal' Sikh concept of martyrdom from this platform—a concept that speaks for justice for all of humanity.Diplomacy and 'Soft Power'Iran currently feels internationally isolated due to its conflict with the United States and Israel. In such a scenario, strengthening ties with the Sikh community, which has a global influence, is a means for Iran to enhance its 'Soft Power.' By associating with Sikh institutions, Iran seeks to demonstrate to the world that it enjoys the sympathy of diverse faiths.Should Sikh Leaders Attend?This question is deeply complex. However, viewed objectively, accepting this invitation could prove to be a major opportunity for the Sikh Panth, provided:Sikh leaders use this platform to deliver a message of peace and harmony against wars.They ensure their presence does not become part of any political factionalism.If the Sikh leadership keeps its stance clear, it will not have a negative impact on Sikhs living in Western nations.While expressing sympathy for innocent lives lost in war, they should emphasize resolving issues through 'table talk' and dialogue.ConclusionThis invitation from Iran is a symbol of the growing global importance of the Sikh community. It is an opportunity where Sikh leadership can tell the world that Sikhism stands for the welfare of humanity and is a guide following the principle: "I have befriended everyone, and I am a friend to all."If the Jathedar of Sri Akal Takht Sahib and the President of the SGPC participate in this event, they must not merely mark their presence.

While maintaining their 'spiritual and moral line,' they should represent the true principles of Sikhism justice, peace, and the 'welfare of all' (Sarbat da Bhala). This is the path that will further strengthen the historical greatness and neutrality of the Sikh Panth on a global stage.

**Professor Balwinder Pal Singh**

KHALSA AKHBAAR PRESENTS

ਖ਼ਾਲਸਾ ਅਖ਼ਬਾਰ




# NANAKSHAHI 558

NANAKSHAHI 558 | KHALSA SAMMAT 327-28 | BIKRAMI 2082-83

ਨਾਨਕਸ਼ਾਹੀ ਸੰਮਤ ੫੫੮

## SCAN HERE

FOR ALL SIKH CALENDAR DATES

www.khalsaakhbaar.com

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

+44 74913 74913
www.khalsaakhbaar.com
editor@khalsaakhbaar.com
@khalsaakhbaar

